
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017

# ਨਵਾਂ ਸਟਾਫ ਰੱਖਣ ਲਈ ਓਨਟਾਰੀਓ ਕੋਰੈਕਸ਼ਨ ਸੈਂਟਰਜ਼ ਉੱਤੇ ਖਰਚੇਗਾ 500 ਮਿਲੀਅਨ ਡਾਲਰ



ਓਨਟਾਰੀਓ, 16 ਜੂਨ (ਪੋਸਟ ਬਿਊਰੋ) : ਓਨਟਾਰੀਓ ਦਾ ਕਹਿਣਾ ਹੈ ਕਿ ਉਹ ਹੋਰ ਫਰੰਟ ਲਾਈਨ ਸਟਾਫ ਹਾਇਰ ਕਰਨ ਤੇ ਫੈਸਿਲਿਟੀਜ਼ ਨੂੰ ਅਪਗ੍ਰੇਡ ਕਰਨ ਲਈ ਕੋਰੈਕਸ਼ਨ ਸੈਂਟਰਜ਼ ਉੱਤੇ 500 ਮਿਲੀਅਨ ਡਾਲਰ ਹੋਰ ਖਰਚ ਕਰੇਗਾ।

ਪ੍ਰੋਵਿੰਸ ਦਾ ਕਹਿਣਾ ਹੈ ਕਿ ਉਹ ਮਾਨਸਿਕ ਸਿਹਤ ਤੇ ਨਸ਼ੇ ਦੀ ਲਤ ਸਬੰਧੀ ਦਰਪੇਸ਼ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦਿਆਂ 500 ਦੇ ਨੇੜੇ ਤੇੜੇ ਨਵੇਂ ਅਮਲੇ ਦੀਆਂ ਸੇਵਾਵਾਂ ਲਵੇਗਾ। ਸਰਕਾਰ ਦਾ ਕਹਿਣਾ ਹੈ ਕਿ ਨਵਾਂ ਸਟਾਫ ਜੇਲ੍ਹਾਂ ਵਿੱਚ ਆਪਣੀਆਂ ਸੇਵਾਵਾਂ ਦੇਵੇਗਾ। ਜੇਲ੍ਹਾਂ ਵਿੱਚ ਭੀੜ ਨੂੰ ਘਟਾਉਣ ਦੇ ਟੀਚੇ ਨਾਲ ਸਮਾਂ ਵਿਹਾਅ ਚੁੱਕੀਆਂ ਇਮਾਰਤਾਂ ਦੀ ਮੁਰੰਮਤ ਲਈ ਵੀ ਇਹ ਪੈਸਾ ਖਰਚਿਆ ਜਾਵੇਗਾ।

ਪ੍ਰੋਵਿੰਸ ਨੇ ਆਖਿਆ ਕਿ ਉਹ ਜੇਲ੍ਹਾਂ ਵਿੱਚ ਨਵੇਂ ਡੇਅ ਰੂਮਜ਼ ਤਿਆਰ ਕਰੇਗੀ ਤੇ ਇਸ ਦੇ ਨਾਲ ਹੀ ਯਾਰਡ ਵਾਲੀਆਂ ਥਾਂਵਾਂ ਵਿੱਚ ਵੀ ਸੁਧਾਰ ਕੀਤਾ ਜਾਵੇਗਾ। ਸੌਲੀਸਿਟਰ ਜਨਰਲ ਸਿਲਵੀਆ ਜੋਨਜ਼ ਨੇ ਆਖਿਆ ਕਿ ਇਹ ਕੰਮ ਅਗਲੇ ਪੰਜ ਸਾਲਾਂ ਵਿੱਚ ਕੀਤਾ ਜਾਵੇਗਾ ਤੇ ਇਸ ਨਾਲ ਜੇਲ੍ਹਾਂ ਕੋਰੈਕਸ਼ਨਲ ਸਟਾਫ ਲਈ ਹੋਰ ਸੇਫ ਹੋ ਜਾਣਗੀਆਂ।

# ਪਰਵਾਸੀ ਕਾਮਿਆਂ ਲਈ ਕਾਇਮ ਟੈਸਟਿੰਗ ਸੈਂਟਰ ਹੋਵੇਗਾ ਬੰਦ

ਓਨਟਾਰੀਓ, 16 ਜੂਨ (ਪੋਸਟ ਬਿਊਰੋ) : ਵਿੰਡਸਰ, ਓਨਟਾਰੀਓ ਵਿੱਚ ਤੇ ਆਲੇ ਦੁਆਲੇ ਦੇ ਪਰਵਾਸੀ ਕਾਮਿਆਂ ਉੱਤੇ ਕੋਵਿਡ-19 ਦੇ ਅਸਰ ਦਾ ਅੰਦਾਜ਼ਾ ਲਾਉਣ ਲਈ ਸਮਰਪਿਤ ਟੈਸਟਿੰਗ ਸੈਂਟਰ ਨੂੰ ਬੰਦ ਕੀਤਾ ਜਾ ਰਿਹਾ ਹੈ। ਇਸ ਫੈਸਿਲਿਟੀ ਨੂੰ ਚਲਾਉਣ ਵਾਲੇ ਹਸਪਤਾਲ ਵੱਲੋਂ ਅੱਜ ਇਸ ਸਬੰਧੀ ਐਲਾਨ ਕੀਤਾ ਗਿਆ। ਦੂਜੇ ਪਾਸੇ ਪ੍ਰੀਮੀਅਰ ਵੱਲੋਂ ਇਸ ਤਰ੍ਹਾਂ ਦੀ ਟੈਸਟਿੰਗ ਨੂੰ ਹੋਰ ਤੇਜ਼ ਕਰਨ ਦਾ ਵਾਅਦਾ ਕੀਤਾ ਗਿਆ।

ਵਿੰਡਸਰ-ਐਸੈਕਸ ਵਿੱਚ ਕੋਵਿਡ-19 ਦੇ ਸਬੰਧ ਵਿੱਚ ਸੈਂਕੜੇ ਪਰਵਾਸੀ ਕਾਮਿਆਂ ਦੀ ਜਾਂਚ ਕੀਤੀ ਜਾ ਚੁੱਕੀ ਹੈ। ਦੁਪਹਿਰ ਤੋਂ ਠੀਕ ਬਾਅਦ ਪ੍ਰੀਮੀਅਰ ਡੱਗ ਫੋਰਡ ਨੇ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਇਸ ਰੀਜਨ ਵਿੱਚ ਕਈ ਫਾਰਮਾਂ ਉੱਤੇ ਆਊਟਬ੍ਰੇਕਸ ਹੋਈਆਂ ਹਨ। ਹੁਣ ਤੱਕ ਅਸੀਂ 724 ਵਰਕਰਜ਼ ਦੀ ਜਾਂਚ ਕਰ ਚੁੱਕੇ ਹਾਂ। ਅਸੀਂ ਕਮਿਊਨਿਟੀ ਦੇ ਐਨ ਵਿਚਕਾਰ ਟੈਸਟਿੰਗ ਯੂਨਿਟ ਵੀ ਕਾਇਮ ਕੀਤੀ ਹੈ। ਪਰ ਇਸ ਤੋਂ ਕੁਝ ਘੰਟੇ ਬਾਅਦ ਹੀ ਇਸ ਸੈਂਟਰ ਨੂੰ ਚਲਾਉਣ ਵਾਲੇ ਲੋਕਲ ਹਸਪਤਾਲ ਨੇ ਐਲਾਨ ਕੀਤਾ ਕਿ ਵੀਰਵਾਰ ਤੱਕ ਇਸ ਸੈਂਟਰ ਉੱਤੇ ਕੰਮਕਾਜ ਬੰਦ ਕਰ ਦਿੱਤਾ ਜਾਵੇਗਾ।

ਇਹ ਸੈਂਟਰ 9 ਜੂਨ ਨੂੰ ਲੈਮਿੰਗਟਨ, ਓਨਟਾਰੀਓ ਵਿੱਚ ਖੋਲ੍ਹਿਆ ਗਿਆ ਸੀ।



ਐਰੀ ਸੋਰਜ਼ ਹੈਲਥਕੇਅਰ ਵੱਲੋਂ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਤੋਂ ਅਗਲੇ ਦਿਸ਼ਾ ਨਿਰਦੇਸ਼ਾਂ ਤੋਂ ਬਿਨਾਂ ਇਸ ਸੈਂਟਰ ਨੂੰ ਚਲਾਇਆ ਜਾਣਾ ਸੰਭਵ ਨਹੀਂ। ਹਸਪਤਾਲ ਨੇ ਆਖਿਆ ਕਿ ਉਸ ਵੱਲੋਂ ਫਾਰਮ ਉੱਤੇ ਟੈਸਟ ਕਰਨ ਦੇ ਬਦਲ ਨੂੰ ਵੀ ਵਿਚਾਰਿਆ ਗਿਆ ਸੀ ਪਰ ਫਿਰ ਇਹ ਇਰਾਦਾ ਛੱਡ ਦਿੱਤਾ ਗਿਆ। ਇਹ ਆਖਿਆ ਗਿਆ ਕਿ ਰੀਜਨ ਵਿੱਚ 176 ਐਗਰੀ ਫੂਡ ਫਾਰਮਜ਼ ਉੱਤੇ ਜਾ ਕੇ ਇਹ ਟੈਸਟ ਕੀਤੇ ਜਾਣੇ ਸੰਭਵ ਨਹੀਂ।

ਸਿਹਤ ਮੰਤਰਾਲੇ ਦੇ ਬੁਲਾਰੇ ਨੇ ਆਖਿਆ ਕਿ ਪਰਵਾਸੀ ਕਾਮਿਆਂ ਦੀ ਜਾਂਚ ਦਾ ਕੰਮ ਜਾਰੀ ਰਹੇਗਾ। ਇਸ ਦੌਰਾਨ ਸਿਟੀ ਆਫ ਵਿੰਡਸਰ ਨੇ ਆਖਿਆ ਕਿ ਉਹ ਕੋਵਿਡ-19 ਪਾਜ਼ੀਟਿਵ ਪਾਏ ਜਾਣ ਵਾਲੇ ਮਾਈਗ੍ਰੈਂਟ ਵਰਕਰਜ਼ ਲਈ ਆਈਸੋਲੇਸ਼ਨ ਸੈਂਟਰ ਦਾ ਪਸਾਰ ਕਰ ਰਿਹਾ ਹੈ। ਇਹ ਸੈਂਟਰ ਪਹਿਲਾਂ ਸ਼ਹਿਰ ਦੇ ਬੇਘਰ ਲੋਕਾਂ ਦੀ ਮਦਦ ਲਈ ਕਾਇਮ ਕੀਤਾ ਗਿਆ ਸੀ।

# ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ਵਿੱਚ ਸੀਟ ਪੱਕੀ ਕਰਨ ਲਈ ਟਰੂਡੋ ਲਾ ਰਹੇ ਹਨ ਪੂਰੀ ਵਾਹ

ਓਟਵਾ, 16 ਜੂਨ (ਪੋਸਟ ਬਿਊਰੋ): ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕਾਉਂਸਲ ਵਿੱਚ ਕਿਹੜੇ ਦੋ ਮੁਲਕ ਸੀਟ ਸੁਰੱਖਿਅਤ ਕਰਨਗੇ ਇਸ ਬਾਰੇ ਹੋਣ ਵਾਲੀ ਵੋਟਿੰਗ ਤੋਂ ਇੱਕ ਦਿਨ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸ਼ਵ ਆਗੂਆਂ ਵਿੱਚੋਂ ਇੱਕ ਨੂੰ 61ਵੀਂ ਫੋਨ ਕਾਲ ਕੀਤੀ।

ਸਾਬਕਾ ਵਿਦੇਸ਼ ਮੰਤਰੀ ਜੌਹਨ ਮੇਨਲੇ ਨੇ ਆਖਿਆ ਹਾਲਾਂਕਿ ਹਰ ਕੋਈ ਕਾਲ ਦੂਜੇ ਮੁਲਕ ਤੋਂ ਆਪਣਾ ਪੱਖ ਪੂਰਾ ਕਰਨ ਲਈ ਨਹੀਂ ਕੀਤੀ ਜਾਂਦੀ ਪਰ ਅਜਿਹਾ ਕਰਨ ਨਾਲ ਕੋਈ ਨੁਕਸਾਨ ਵੀ ਨਹੀਂ ਹੁੰਦਾ। ਬੁੱਧਵਾਰ ਨੂੰ 193 ਦੇਸ਼ ਕੈਨੇਡਾ ਦੀ ਸੁਰੱਖਿਆ ਕਾਉਂਸਲ ਸਬੰਧੀ ਹੋਣੀ ਤੈਅ ਕਰਨਗੇ। ਮੇਨਲੇ ਨੇ ਆਖਿਆ ਕਿ ਤੁਸੀਂ ਕਿਸੇ ਨੂੰ ਵੀ ਅਖੋਂ ਪਰੋਖੇ ਨਹੀਂ ਕਰ ਸਕਦੇ ਕਿਉਂਕਿ ਹਰੇਕ ਵੋਟ ਦੀ ਆਪਣੀ ਅਹਿਮੀਅਤ ਹੈ।



ਉਨ੍ਹਾਂ ਆਖਿਆ ਕਿ ਸਾਡੇ ਕੋਲ ਸਮਾਂ ਸੀ ਤੇ ਜੇ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਇਸ ਸੀਟ ਲਈ ਦੱਗਣੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਇਸ ਵਿੱਚ ਕੋਈ ਹਰਜ਼ ਵੀ ਨਹੀਂ। ਇਸ ਸਮਰਥਨ ਨੂੰ ਹਾਸਲ ਕਰਨ ਲਈ ਕਈ ਹੋਰ ਮੁਦਿਆਂ ਉੱਤੇ ਵੀ ਗੱਲ ਕੀਤੀ ਜਾ ਸਕਦੀ ਹੈ। ਸੁਰੱਖਿਆ ਕਾਉਂਸਲ ਲਈ ਵੋਟ ਬੁੱਧਵਾਰ ਨੂੰ ਨਿਊ ਯੌਰਕ ਸਿਟੀ ਵਿੱਚ ਪਾਈ ਜਾਵੇਗੀ। ਦੁਪਹਿਰ ਵੇਲੇ ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਕੈਨੇਡਾ ਵੱਲੋਂ ਇਹ ਵੋਟ ਪਾਉਣਗੇ। ਜਿੱਤਣ ਲਈ ਸਾਰੇ ਉਮੀਦਵਾਰ ਮੁਲਕਾਂ ਨੂੰ ਦੋ ਤਿਹਾਈ ਦੇਸ਼ਾਂ ਦਾ ਸਮਰਥਨ ਜਾਂ ਹਰੇਕ ਨੂੰ 129 ਵੋਟਾਂ ਚਾਹੀਦੀਆਂ ਹੋਣਗੀਆਂ। ਜੇ ਪਹਿਲੀ ਵਾਰੀ ਅਜਿਹਾ ਨਹੀਂ ਹੁੰਦਾ ਤਾਂ ਵੋਟਿੰਗ ਵੀਰਵਾਰ ਨੂੰ ਉਦੋਂ ਤੱਕ ਜਾਰੀ ਰੱਖੀ ਜਾਵੇਗੀ ਜਦੋਂ ਤੱਕ ਦੋ ਜੇਤੂ ਨਹੀਂ ਮਿਲ ਜਾਂਦੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
● Residential & Commercial
● Sale/Purchase of House
● Mortgage & Refinancing
● Drafting/Reviewing Agreements
● Title Transfer
● 2nd Mortgage
IMMIGRATION
Skilled Worker Category
Spousal & Family Sponsorship
● Student Permits Visa & Renewals
● PR Renewal/ Citizenship Application
FAMILY LAWYER
● Child & Spousal support
● Custody & Access
● Divorce
● Equalization
BUSINESS LAW
● Incorporation & Shareholder agreements
● Sales & Purchase of Assets & Shares
● Notarization & Affidavits
WILLS & ESTATE
● Wills
● Certificate of Estate Trustee with/without Will
● Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਉਂਜ ਤਾਂ ਕਹਿੰਦੇ ਸੀ ਚੀਨ ਦੇ ਨਾਲ ਸਾਰੀ,
ਮੁੱਕ ਤਾਂ ਭਾਰਤ ਦੀ ਗਈ ਆ ਗੱਲ ਬੇਲੀ।
ਦੋਵਾਂ ਪੱਖਾਂ ਨੇ ਰੱਖਣ ਲਈ ਅਮਨ ਓਧਰ,
ਆਪਸ ਵਿੱਚ ਆ ਲੱਭ ਲਿਆ ਹੱਲ ਬੇਲੀ।
ਫਾਇਰਿੰਗ ਹੋਈ ਤੇ ਗਈਆਂ ਨੇ ਹੋ ਮੌਤਾਂ,
ਮੁੜ ਕੇ ਤੁਰ ਪਏ ਤਨਾਵਾਂ ਦੇ ਵੱਲ ਬੇਲੀ।
ਦੋਵਾਂ ਦੇਸ਼ਾਂ ਫਿਰ ਤੋਰ ਲਈ ਫੌਜ ਓਧਰ,
ਮੋਰਚੇ ਕਹਿੰਦੇ ਆ ਲਏ ਸਭ ਮੱਲ ਬੇਲੀ।
ਦੋਵੇਂ ਈ ਦੇਸ਼ ਕੋਰੋਨਾ ਵੱਲ ਪਏ ਉਲਝੇ,
ਰੁਕਦਾ ਇਸੇ ਦਾ ਨਹੀ ਹੈ ਕਹਿਰ ਬੇਲੀ।
ਨਵਾਂ ਸੁਣ ਲਿਆ ਰੱਟਾ ਆਹ ਪੈਣ ਵਾਲਾ,
ਨਵੀਂ ਚਿੰਤਾ ਦੀ ਚੱਲੀ ਹੈ ਲਹਿਰ ਬੇਲੀ।

**ਤੀਸ ਮਾਰ ਖਾਂ**

# ਕੈਨੇਡਾ ਤੇ ਅਮਰੀਕਾ ਦਰਮਿਆਨ 21 ਜੁਲਾਈ ਤੱਕ ਹੋਰ ਬੰਦ ਰਹੇਗੀ ਗੈਰ ਜ਼ਰੂਰੀ ਆਵਾਜਾਈ

ਟੋਰਾਂਟੋ, 16 ਜੂਨ (ਪੋਸਟ ਬਿਊਰੋ) : ਇੱਕ ਵਾਰੀ ਫਿਰ ਗੈਰ ਜ਼ਰੂਰੀ ਆਵਾਜਾਈ ਨੂੰ ਇੱਕ ਮਹੀਨੇ ਲਈ ਹੋਰ ਬੰਦ ਰੱਖਣ ਵਾਸਤੇ ਕੈਨੇਡਾ ਅਤੇ ਅਮਰੀਕਾ ਦਰਮਿਆਨ ਸਮਝੌਤਾ ਹੋ ਗਿਆ ਹੈ। ਇਹ ਐਲਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੀਤਾ।

ਇਸ ਸਮਝੌਤੇ ਵਿੱਚ ਵਾਧਾ ਹੋਣ ਦਾ ਭਾਵ ਇਹ ਹੈ ਕਿ ਹੁਣ 21 ਜੁਲਾਈ ਤੱਕ ਸਰਹੱਦੀ ਪਾਬੰਦੀਆਂ ਅਮਲ ਵਿੱਚ ਰਹਿਣਗੀਆਂ। ਫਿਰ ਭਾਵੇਂ ਦੋਵੇਂ ਦੇਸ਼ ਆਪੋ ਆਪਣੇ ਅਰਥਚਾਰਿਆਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਹਨ।




ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਇਹ ਇੱਕ ਅਹਿਮ ਫੈਸਲਾ ਹੈ ਜਿਹੜਾ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਸੁਰੱਖਿਅਤ ਰੱਖੇਗਾ।

ਇਸ ਸਮਝੌਤੇ ਤਹਿਤ ਵਣਜ ਤੇ ਵਪਾਰ ਤੋਂ ਛੋਟ ਰਹੇਗੀ, ਇਸ ਦੇ ਨਾਲ ਹੀ ਹੈਲਥ ਕੇਅਰ ਵਰਕਰਜ਼ ਜਿਵੇਂ ਕਿ ਨਰਸਾਂ, ਜਿਹੜੀਆਂ ਸਰਹੱਦ ਤੋਂ ਪਾਰ ਕੰਮ ਕਰਦੀਆਂ ਤੇ ਰਹਿੰਦੀਆਂ ਹਨ, ਲਈ ਵੀ ਛੋਟ ਹੋਵੇਗੀ। ਸੈਲਾਨੀਆਂ ਤੇ ਸਰਹੱਦੋਂ ਪਾਰ ਆਮ ਆਵਾਜਾਈ ਉੱਤੇ ਪਾਬੰਦੀ ਹੋਵੇਗੀ। ਇਹ ਤੀਜੀ ਵਾਰੀ ਹੈ ਜਦੋਂ ਸਮਝੌਤੇ ਵਿੱਚ ਵਾਧਾ ਕੀਤਾ ਗਿਆ ਹੈ। ਪਹਿਲੀ ਵਾਰੀ ਇਹ ਪਾਬੰਦੀਆਂ ਮਾਰਚ ਵਿੱਚ ਲਾਗੂ ਕੀਤੀਆਂ ਗਈਆਂ ਸਨ। ਹੁਣ ਵਾਲੀ ਪਾਬੰਦੀ 21 ਜੂਨ ਨੂੰ ਖ਼ਤਮ ਹੋਣ ਜਾ ਰਹੀ ਸੀ।

# ਕੋਵਿਡ-19 ਲਈ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦਵਾਈਆਂ ਦੀ ਵਰਤੋਂ ਗੈਰਵਾਜਿਬ : ਐਫਡੀਏ

ਵਾਸ਼ਿੰਗਟਨ, 16 ਜੂਨ (ਪੋਸਟ ਬਿਊਰੋ) : ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐਫਡੀਏ) ਨੇ ਕੋਵਿਡ-19 ਦੇ ਇਲਾਜ ਵਜੋਂ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਨਾਂ ਦੀਆਂ ਦਵਾਈਆਂ ਦੀ ਵਰਤੋਂ ਨੂੰ ਗੈਰਵਾਜਿਬ ਦੱਸਦਿਆਂ ਇਨ੍ਹਾਂ ਦੀ ਐਮਰਜੰਸੀ ਵਰਤੋਂ ਨੂੰ ਰੱਦ ਕਰ ਦਿੱਤਾ ਹੈ।

ਹਾਈਡਰੋਕਲੋਰੋਕੁਇਨ ਦਾ ਪ੍ਰਚਾਰ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਅਕਸਰ ਕੋਵਿਡ-19 ਦੇ ਇਲਾਜ ਵਜੋਂ ਕੀਤਾ ਜਾ ਰਿਹਾ ਸੀ। ਉਨ੍ਹਾਂ ਵੱਲੋਂ ਇਸ ਦਵਾਈ ਦੀ ਖੁਦ ਵਰਤੋਂ ਕਰਨ ਦਾ ਦਾਅਵਾ ਵੀ ਕੀਤਾ ਜਾ ਰਿਹਾ ਸੀ। ਇਨ੍ਹਾਂ ਦਵਾਈਆਂ ਬਾਰੇ ਉਪਲਬਧ ਮੌਜੂਦਾ ਰਿਸਰਚ ਦਾ ਮੁਲਾਂਕਣ ਕਰਨ ਤੋਂ ਬਾਅਦ ਐਫਡੀਏ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਦਵਾਈ ਐਮਰਜੰਸੀ ਵਰਤੋਂ ਲਈ ਲੋੜੀਂਦੇ




ਮਾਪਦੰਡ ਪੂਰੇ ਨਹੀਂ ਕਰਦੀ। ਐਫਡੀਏ ਵੱਲੋਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਇਹ ਦਵਾਈ ਕੋਵਿਡ-19 ਦੇ ਪ੍ਰਭਾਵਸ਼ਾਲੀ ਇਲਾਜ ਲਈ ਅਸਰਦਾਰ ਨਹੀਂ ਹੈ।

ਐਫਡੀਏ ਦੇ ਚੀਫ ਸਾਇੰਟਿਸਟ ਡੈਨਿਸ ਹਿੰਟਨ ਨੇ ਬਾਇਓਮੈਡੀਕਲ ਐਡਵਾਂਸਡ ਰਿਸਰਚ ਐਂਡ ਡਿਵੈਲਪਮੈਂਟ ਅਥਾਰਟੀ (ਬਾਰਡਾ) ਦੇ ਗੈਰੀ ਡਿਸਬ੍ਰੋਅ ਨੂੰ ਲਿਖੇ ਪੱਤਰ ਵਿੱਚ ਆਖਿਆ ਕਿ ਐਫਡੀਏ ਇਸ ਨਤੀਜੇ ਉੱਤੇ ਪਹੁੰਚੀ ਹੈ ਕਿ ਇਸ ਜਾਣਕਾਰੀ ਅਤੇ ਨਾਲ ਨੱਥੀ ਮੈਮੋਰੈਂਡਮ ਵਿੱਚ ਵਿਚਾਰੀ ਗਈ ਜਾਣਕਾਰੀ ਅਨੁਸਾਰ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੀ ਕੋਵਿਡ-19 ਦੇ ਇਲਾਜ ਲਈ ਵਰਤੋਂ ਦੀ ਕੋਈ ਤੁਕ ਨਹੀਂ ਰਹਿ ਜਾਂਦੀ। ਇਸ ਗੱਲ ਨੂੰ ਵੀ ਨਹੀਂ ਨਕਾਰਿਆ ਜਾ ਸਕਦਾ ਕਿ ਇਨ੍ਹਾਂ ਦਵਾਈਆਂ ਦੇ ਆਪਣੇ ਹੀ ਕੋਈ ਮਾੜੇ ਪ੍ਰਭਾਵ ਹੋ ਸਕਦੇ ਹਨ।

ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੇ ਕੋਵਿਡ-19 ਦੇ ਮਰੀਜ਼ਾਂ ਵਿੱਚ ਦਿਲ ਦੀਆਂ ਗੰਭੀਰ ਸਮੱਸਿਆਵਾਂ ਤੇ ਹੋਰ ਮਾੜੇ ਪ੍ਰਭਾਵ ਵੀ ਵੇਖਣ ਨੂੰ ਮਿਲੇ ਹਨ। ਇਸ ਲਈ ਹਿੰਟਨ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਕੋਵਿਡ-19 ਦੇ ਇਲਾਜ ਲਈ ਹਾਈਡਰੋਕਲੋਰੋਕੁਇਨ ਤੇ ਕਲੋਰੋਕੁਇਨ ਦੀ ਐਮਰਜੰਸੀ ਵਰਤੋਂ ਨੂੰ ਫੌਰੀ ਰੱਦ ਕਰ ਦਿੱਤਾ ਜਾਣਾ ਚਾਹੀਦਾ ਹੈ।ਸਿਹਤ ਮਾਹਿਰਾਂ ਦੀਆਂ ਵਾਰੀ ਵਾਰੀ ਦਿੱਤੀਆਂ ਜਾਣ ਵਾਲੀਆਂ ਚੇਤਾਵਨੀਆਂ ਦੇ ਬਾਵਜੂਦ ਇਸ ਦਹਾਕਿਆਂ ਪੁਰਾਣੀ ਦਵਾਈ ਦੀ ਪਿਛਲੇ ਕੁੱਝ ਹਫਤਿਆਂ ਵਿੱਚ ਲੋੜੋਂ ਵੱਧ ਵਿੱਕਰੀ ਦਰਜ ਕੀਤੀ ਗਈ ਹੈ। ਲੋਕ ਵੀ ਇਸ ਦਵਾਈ ਵੱਲ ਆਕਰਸ਼ਿਤ ਹੋ ਰਹੇ ਹਨ।

# ਐਜੈਕਸ ਵਿੱਚ ਹਾਈਵੇਅ 401 ਉੱਤੇ ਮਿਲੀ ਵਿਅਕਤੀ ਦੀ ਲਾਸ਼

ਓਨਟਾਰੀਓ, 16 ਜੂਨ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਐਜੈਕਸ ਵਿੱਚ ਹਾਈਵੇਅ 401ਉੱਤੇ ਇੱਕ ਵਿਅਕਤੀ ਦੀ ਲਾਸ਼ ਪਾਏ ਜਾਣ ਤੋਂ ਬਾਅਦ ਪੁਲਿਸ ਚਸ਼ਮਦੀਦਾਂ ਨੂੰ ਅੱਗੇ ਆਉਣ ਦੀ ਅਪੀਲ ਕਰ ਰਹੀ ਹੈ। ਓਪੀਪੀ ਸਾਰਜੈਂਟ ਕੈਰੀ ਸ਼ਮਿਡਟ ਨੇ ਆਖਿਆ ਕਿ ਪੁਲਿਸ ਨੂੰ ਸਵੇਰੇ 2:00 ਵਜੇ ਹਾਰਵੁੱਡ ਐਵਨਿਊ ਬ੍ਰਿਜ ਦੇ ਥੱਲੇ ਪੂਰਬ ਵੱਲ ਜਾਣ ਵਾਲੀਆਂ ਲੇਨਜ਼ ਉੱਤੇ ਪਈ ਲਾਸ਼ ਦੇ ਸਬੰਧ ਵਿੱਚ ਸੱਦਿਆ ਗਿਆ। ਸ਼ਮਿਡਟ ਨੇ ਆਖਿਆ ਕਿ ਇੰਜ ਲੱਗ ਰਿਹਾ ਸੀ ਕਿ ਇਸ ਵਿਅਕਤੀ ਉੱਤੋਂ ਕੋਈ ਵੱਡਾ ਵਾਹਨ ਲੰਘਿਆ ਲੱਗਦਾ ਸੀ। ਬਹੁਤੀ ਸੰਭਾਵਨਾ ਟਰਾਂਸਪੋਰਟ ਟਰੱਕ ਦੀ ਪ੍ਰਗਟਾਈ ਗਈ।

ਉਨ੍ਹਾਂ ਆਖਿਆ ਕਿ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਸ ਸੱਭ ਤੋਂ ਪਹਿਲਾਂ ਉਸ ਵਿਅਕਤੀ ਨਾਲ ਕੀ ਹੋਇਆ ਹੋਵੇਗਾ। ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਵਿਅਕਤੀ ਦੀ ਮੌਤ ਕਿਸੇ ਗੱਡੀ ਨਾਲ ਟਕਰਾਉਣ ਤੋਂ ਪਹਿਲਾਂ ਹੋਈ ਜਾਂ ਬਾਅਦ ਵਿੱਚ ਹੋਈ।

# ਬਹਿਬਲ ਕਲਾਂ ਫਾਇਰਿੰਗ ਕੇਸ ਵਿੱਚ 19 ਮਹੀਨੇ ਬਾਅਦ ਦੂਸਰੀ ਵੱਡੀ ਗ੍ਰਿਫ਼ਤਾਰੀ

ਫ਼ਰੀਦਕੋਟ, 16 ਜੂਨ, (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਹੋਏ ਬਰਗਾੜੀ ਬੇਅਦਬੀ ਕਾਂਡ ਅਤੇ ਫਿਰ ਉਸ ਨਾਲ ਜੁੜੇ ਬਹਿਬਲ ਕਲਾਂ ਗੋਲ਼ੀ ਕਾਂਡ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ ਐੱਸ ਆਈ ਟੀ ਨੇ 19 ਮਹੀਨੇ ਬਾਅਦ ਅੱਜ ਦੂਸਰਾ ਮਹੱਤਵ ਪੂਰਨ ਕਦਮ ਉਠਾਉਂਦੇ ਹੋਏ ਓਦੋਂ ਦੇ ਸਰਕਾਰੀ ਗਵਾਹ ਸੁਹੇਲ ਸਿੰਘ ਬਰਾੜ ਨੂੰ ਗ੍ਰਿਫਤਾਰ ਕਰ ਲਿਆ ਹੈ।

ਅਸਲ ਵਿੱਚ ਅੱਜ ਐੱਸ ਆਈ ਟੀ ਨਾਲ ਸੰਬੰਧਤ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੁਹੇਲ ਸਿੰਘ ਬਰਾੜ ਨੂੰ ਪੁੱਛਗਿੱਛ ਲਈ ਸੱਦਿਆ ਸੀ, ਪਰ ਇਸ ਪੁੱਛਗਿੱਛ ਦੇ ਬਾਅਦ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਪਹਿਲਾਂ 28 ਜਨਵਰੀ 2018 ਨੂੰ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਹਿਲੀ ਜਾਂਚ ਵਿੱਚ ਸੁਹੇਲ ਸਿੰਘ ਬਰਾੜ ਨੂੰ ਸਰਕਾਰੀ ਗਵਾਹ ਮੰਨਿਆ ਗਿਆ ਸੀ, ਪਰ ਅੱਜ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਉਸ ਨੂੰ ਮੁੱਖ ਦੋਸ਼ੀ ਅਤੇ ਮੋਗਾ ਦੇ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਦੀ ਪਾਇਲਟ ਜਿਪਸੀ ਉੱਤੇ ਫਾਇਰਿੰਗ ਕਰ ਕੇ ਝੂਠੇ ਸਬੂਤ ਬਣਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਹੈ।

ਵਰਨਣ ਯੋਗ ਹੈ ਕਿ ਬਹਿਬਲ ਕਲਾਂ ਗੋਲ਼ੀ ਕਾਂਡ ਵਿੱਚ 14 ਅਕਤੂਬਰ 2015 ਨੂੰ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ, ਜਦੋਂ ਉਹ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਧਰਨਾ ਦੇ ਰਹੇ ਸਨ। ਓਦੋਂ ਪੁਲਿਸ ਨੇ ਜਿਪਸੀ ਉੱਤੇ ਫਾਇਰਿੰਗ ਦੇ ਨਿਸ਼ਾਨ ਦਿਖਾ ਕੇ ਕਿਹਾ ਸੀ ਕਿ ਘਟਨਾ ਸਮੇਂ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਦੀਆਂ ਗੱਡੀਆਂ ਉੱਤੇ ਗੋਲੀ ਚਲਾਈ ਸੀ, ਜਿਸ ਪਿੱਛੋਂ ਆਪਣੇ ਬਚਾਅ ਲਈ ਪੁਲਿਸ ਨੂੰ ਗੋਲ਼ੀਆਂ ਚਲਾਉਣੀਆਂ ਪਈਆਂ ਸਨ। ਐੱਸ ਆਈ ਟੀ ਨੇ ਆਪਣੀ ਜਾਂਚ ਵਿੱਚ ਲੱਭ ਲਿਆ ਕਿ ਗੋਲ਼ੀ ਕਾਡ ਹੋਣ ਤੋਂ ਬਾਅਦ ਆਪਣੇ ਬਚਾਅ ਲਈ ਦੋਸ਼ੀ ਪੁਲਿਸ ਅਧਿਕਾਰੀਆਂ ਨੇ ਝੂਠੀ ਕਹਾਣੀ ਘੜੀ ਸੀ ਅਤੇ ਸੁਹੇਲ ਸਿੰਘ ਬਰਾੜ ਨੇ ਜਿਪਸੀ ਨੂੰ ਫ਼ਰੀਦਕੋਟ ਵਾਲੇ ਆਪਣੇ ਘਰ ਲਿਜਾ ਕੇ ਉਸ ਉੱਤੇ ਫਾਇਰਿੰਗ ਕੀਤੀ ਅਤੇ ਲੋਕਾਂ ਵੱਲੋਂ ਗੋਲੀ ਚਲਾਈ ਹੋਣ ਦੇ ਨਿਸ਼ਾਨ ਬਣਾਏ ਸਨ। ਇਸ ਦੇ ਬਾਅਦ ਉਸ ਵਕਤ ਪੁਲਸ ਨੇ ਉਸ ਨੂੰ ਆਪਣੇ ਵੱਲੋਂ ਬਣਾਏ ਕੇਸ ਵਿੱਚ ਸਰਕਾਰੀ ਗਵਾਹ ਬਣਾ ਲਿਆ ਸੀ।

ਅੱਜ ਐੱਸ ਆਈ ਟੀ ਦੇ ਮੁੱਖ ਜਾਂਚ ਕਰਤਾ ਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਸੁਹੇਲ ਸਿੰਘ ਬਰਾੜ ਨੂੰ ਅਦਾਲਤ ਪੇਸ਼ ਕਰ ਕੇ ਰਿਮਾਂਡ ਲਿਆ ਜਾਵੇਗਾ। ਜਿਪਸੀ ਉੱਤੇ ਝੂਠੀ ਫਾਇਰਿੰਗ ਦੇ ਦੂਸਰੇ ਦੋਸ਼ੀ ਅਤੇ ਐੱਸ ਪੀ ਬਿਕਰਮਜੀਤ ਸਿੰਘ ਦੀ ਭੂਮਿਕਾ ਬਾਰੇ ਵੀ ਜਾਂਚ ਕੀਤੀ ਜਾ ਰਹੀ ਹੈ।

# ਕੀ ਇੰਗਲੈਂਡ ਦੇ ਖੋਜਾਰਥੀਆਂ ਨੂੰ ਮਿਲ ਗਈ ਹੈ ਕੋਵਿਡ-19 ਦੀ ਦਵਾਈ?



ਲੰਡਨ, 16 ਜੂਨ (ਪੋਸਟ ਬਿਊਰੋ) : ਇੰਗਲੈਂਡ ਦੇ ਖੋਜਾਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਕੋਵਿਡ-19 ਵਿੱਚ ਡੈਕਸਾਮੈਥਾਸਨ ਨਾਂ ਦੀ ਦਵਾਈ ਕਾਰਗਰ ਸਿੱਧ ਹੋ ਸਕਦੀ ਹੈ। ਇਹ ਸਸਤਾ ਤੇ ਆਮ ਤੌਰ ਉੱਤੇ ਉਪਲਬਧ ਹੋਣ ਵਾਲਾ ਸਟੀਰੌਇਡ ਹੈ। ਇਸ ਦਵਾਈ ਕਾਰਨ ਹਸਪਤਾਲ ਵਿੱਚ ਦਾਖਲ ਤੇ ਕਾਫੀ ਬਿਮਾਰ ਲੋਕਾਂ ਵਿੱਚੋਂ ਇੱਕ ਤਿਹਾਈ ਠੀਕ ਹੋਏ ਹਨ।

ਇਸ ਦਵਾਈ ਦੇ ਨਤੀਜੇ ਮੰਗਲਵਾਰ ਨੂੰ ਐਲਾਨੇ ਗਏ ਤੇ ਖੋਜਾਰਥੀਆਂ ਦਾ ਕਹਿਣਾ ਹੈ ਕਿ ਉਹ ਜਲਦ ਹੀ ਇਸ ਨੂੰ ਪ੍ਰਕਾਸ਼ਿਤ ਕਰਨਗੇ। ਇਸ ਦਵਾਈ ਨੂੰ 2,104 ਮਰੀਜ਼ਾਂ ਨੂੰ ਦਿੱਤਾ ਗਿਆ ਤੇ ਉਨ੍ਹਾਂ ਦੀ ਤੁਲਨਾ ਆਮ ਕੇਅਰ ਲੈ ਰਹੇ 4321 ਮਰੀਜ਼ਾਂ ਨਾਲ ਕੀਤੀ ਗਈ। ਇਹ ਦਵਾਈ ਜਾਂ ਤਾਂ ਮੂੰਹ ਰਾਹੀਂ ਤੇ ਜਾਂ ਆਈਵੀ ਰਾਹੀਂ ਦਿੱਤੀ ਗਈ। 28 ਦਿਨਾਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਵਿੱਚ 35 ਫੀ ਸਦੀ ਕਮੀ ਪਾਈ ਗਈ। ਇਹ ਦਵਾਈ ਉਨ੍ਹਾਂ 35 ਫੀ ਸਦੀ ਮਰੀਜ਼ਾਂ ਨੂੰ ਦਿੱਤੀ ਗਈ ਜਿਨ੍ਹਾਂ ਦਾ ਇਲਾਜ ਸਾਹ ਵਾਲੀਆਂ ਮਸ਼ੀਨਾਂ ਦੇ ਸਹਾਰੇ ਕੀਤਾ ਜਾ ਰਿਹਾ ਸੀ ਤੇ 20 ਫੀ ਸਦੀ ਅਜਿਹੇ ਮਰੀਜ਼ਾਂ ਨੂੰ ਵੀ ਦਿੱਤੀ ਗਈ ਜਿਨ੍ਹਾਂ ਨੂੰ ਆਕਸੀਜ਼ਨ ਦੀ ਵਧੇਰੇ ਲੋੜ ਸੀ।

ਇਸ ਅਧਿਐਨ ਵਿੱਚ ਸ਼ਾਮਲ ਯੂਨੀਵਰਸਿਟੀ ਆਫ ਆਕਸਫੋਰਡ ਦੇ ਪੀਟਰ ਹੌਰਬੀ ਨੇ ਆਖਿਆ ਕਿ ਇਹ ਕਾਫੀ ਉਤਸ਼ਾਹਜਨਕ ਨਤੀਜੇ ਹਨ। ਉਨ੍ਹਾਂ ਆਖਿਆ ਡੈਕਸਾਮੈਥਾਸਨ ਨਾ ਤਾਂ ਮਹਿੰਗੀ ਹੈ ਤੇ ਇਹ ਬਾਜ਼ਾਰ ਵਿੱਚ ਉਪਲਬਧ ਵੀ ਹੈ। ਇਸ ਨੂੰ ਫੌਰੀ ਤੌਰ ਉੱਤੇ ਮਰੀਜ਼ਾਂ ਨੂੰ ਦੇ ਕੇ ਦੁਨੀਆਂ ਭਰ ਵਿੱਚ ਕਈ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਹੈ।

# ਸੁਖਦੇਵ ਢੀਂਡਸਾ ਵੱਲੋਂ ਨਵੀਂ ਪਾਰਟੀ ਬਣਾਉਣ ਦਾ ਐਲਾਨ



### * ਅਕਾਲੀ ਦਲ ਦੇ ਨਾਲ ਭਾਜਪਾ ਨੂੰ ਵੀ ਝਟਕਾ

ਮੋਗਾ, 16 ਜੂਨ, (ਪੋਸਟ ਬਿਊਰੋ)- ਦੋ ਸਾਲ ਪਹਿਲਾਂ ਅਕਾਲੀ ਦਲ ਬਾਦਲ ਤੋਂ ਬਗਾਵਤ ਕਰ ਚੁੱਕੇ ਪਾਰਲੀਮੈਂਟ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਵੱਖਰੀ ਪਾਰਟੀ ਬਣਾਉਣ ਦਾ ਐਲਾਨ ਕਰ ਕੇ ਅਕਾਲੀ ਦਲ ਦੇ ਨਾਲ ਭਾਜਪਾ ਨੂੰ ਵੀ ਵੱਡਾ ਝਟਕਾ ਦੇ ਦਿੱਤਾ ਹੈ। ਉਨ੍ਹਾ ਨੇ ਕਿਹਾ ਹੈ ਕਿ ਉਨ੍ਹਾਂ ਦਾ ਭਾਜਪਾ ਵਿਚ ਜਾਣ ਦਾ ਮਤਲਬ ਹੀ ਨਹੀਂ, ਉਹ ਨਵੀਂ ਪਾਰਟੀ ਬਣਾਉਣ ਵਾਲੇ ਹਨ, ਜਿਸ ਦਾ ਐਲਾਨ ਇਸੇ ਮਹੀਨੇ ਕਰ ਦਿੱਤਾ ਜਾਵੇਗਾ।

ਸੁਖਦੇਵ ਸਿੰਘ ਢੀਂਡਸਾ ਨੇ ਅੱਜ ਸਾਫ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਹੋਰ ਪਾਰਟੀ ਵਿੱਚ ਨਹੀਂ ਜਾਣਗੇ। ਆਪਣੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਭਾਜਪਾ ਵੱਲ ਜਾਣ ਦੇ ਬਿਆਨ ਉੱਤੇ ਸਪੱਸ਼ਟੀਕਰਨ ਦਿੰਦੇ ਹੋਏ ਵੱਡੇ ਢੀਂਡਸਾ ਨੇ ਕਿਹਾ ਕਿ ਉਨ੍ਹਾਂ ਦਾ ਭਾਜਪਾ ਨਾਲ ਕੋਈ ਸੰਬੰਧ ਨਹੀਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਖੁੱਲ੍ਹੀ ਮੰਡੀ ਵਾਲਾ ਆਰਡੀਨੈਂਸ ਕਿਸਾਨ ਵਿਰੋਧੀ ਹੈ, ਜਿਸ ਦਾ ਉਹ ਪਾਰਲੀਮੈਂਟ ਵਿੱਚ ਵੀ ਵਿਰੋਧ ਕਰਨਗੇ। ਇਸ ਮੌਕੇ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ ਦੀਆਂ ਨੀਤੀਆਂ ਨੂੰ ਵੀ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਅੱਜ ਏਥੇ ਅਕਾਲੀ ਦਲ ਬਾਦਲ ਦੇ ਪ੍ਰਮੁੱਖ ਆਗੂ ਤੇ ਪੰਜਾਬ ਸੂਚਨਾ ਅਧਿਕਾਰ ਕਮਿਸ਼ਨ ਵਿਭਾਗ ਦੇ ਸਾਬਕਾ ਚੇਅਰਮੈਨ ਨਿਧੜਕ ਸਿੰਘ ਬਰਾੜ ਨੂੰ ਆਪਣੇ ਗਰੁੱਪ ਵਿੱਚ ਸ਼ਾਮਲ ਕਰਨ ਲਈ ਆਏ ਸਨ। ਨਿਧੜਕ ਸਿੰਘ ਬਰਾੜ ਵੱਲੋਂ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਨੂੰ ਛੱਡ ਕੇ ਆਪਣੇ ਵੱਲ ਆਉਣ ਉੱਤੇ ਸਵਾਗਤ ਕਰਦੇ ਹੋਏ ਢੀਂਡਸਾ ਨੇ ਕਿਹਾ ਕਿ ਹਾਲੇ ਕਿਸੇ ਵੀ ਧਿਰ ਨਾਲ ਜੁੜਨ ਦਾ ਵਿਚਾਰ ਨਹੀਂ ਹੈ, ਪਹਿਲਾਂ ਉਹ ਪਾਰਟੀ ਬਣਾਉਣਗੇ ਤੇ ਉਸ ਤੋਂ ਬਾਅਦ ਹਮ-ਖਿਆਲੀ ਧਿਰਾਂ ਨਾਲ ਗਠਜੋੜ ਬਾਰੇ ਸੋਚਣਗੇ। ਢੀਂਡਸਾ ਨੇ ਇਹ ਦਾਅਵਾ ਵੀ ਕਰ ਦਿੱਤਾ ਕਿ ਬਾਦਲ ਅਕਾਲੀ ਦਲ ਦੇ ਕਈ ਹੋਰ ਆਗੂ ਵੀ ਉਨ੍ਹਾਂ ਵੱਲ ਆ ਸਕਦੇ ਹਨ।

# ਦਿੱਲੀ ਵਿੱਚ ਕੋਰੋਨਾ ਨਾਲ ਇੱਕੋ ਦਿਨ ਰਿਕਾਰਡ 93 ਮੌਤਾਂ

### * ਮਹਾਰਾਸ਼ਟਰ ਵਿੱਚ ਵੀ ਮੌਤਾਂ ਦਾ ਵਾਧਾ ਜਾਰੀ

ਨਵੀਂ ਦਿੱਲੀ, 17 ਜੂਨ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਕੋਰੋਨਾ ਵਾਇਰਸ ਨਾਲ ਮੌਤਾਂ ਬਾਰੇ ਦਿੱਲੀ ਦੀ ਆਮ ਆਦਮੀ ਸਰਕਾਰ ਅਤੇ ਹੇਠਾਂ ਭਾਜਪਾ ਦੇ ਕੰਟਰੋਲ ਵਾਲੀਆਂ ਤਿੰਨਾਂ ਮਿਊਂਸਪਲ ਕਾਰਪੋਰੇਸ਼ਨਾਂ ਵਿਚਾਲੇ ਝਗੜਾ ਅੱਜ ਮੰਗਲਵਾਰ ਓਦੋਂ ਖਤਮ ਹੋਇਆ, ਜਦੋਂ ਸਰਕਾਰ ਨੇ ਬੀਤੇ ਦਿਨੀਂ ਵਾਇਰਸ ਨਾਲ ਹੋਈਆਂ ਮੌਤਾਂ ਦੇ ਵਿਵਾਦ ਵਾਲੇ ਅੰਕੜੇ ਨੂੰ ਸ਼ਾਮਲ ਕਰ ਲਿਆ। ਇਸ ਦੌਰਾਨ ਓਥੇ ਇੱਕੋ ਦਿਨ ਵਿੱਚ ਰਿਕ-ਾਰਡ 93 ਮੌਤਾਂ ਹੋਈਆਂ ਹਨ।

ਅੱਜ ਸ਼ਾਮ ਤੱਕ ਦੀਆਂ ਸੂਚਨਾਵਾਂ ਮੁਤਾਬਕ ਦਿੱਲੀ ਵਿੱਚ ਕੋਰੋਨਾ ਨਾਲ ਮੌਤਾਂ ਦੀ ਕੁੱਲ ਗਿਣਤੀ 1837 ਤੱਕ ਚਲੀ ਗਈ ਹੈ। ਦਿੱਲੀ ਸਰਕਾਰ ਨੇ ਸੋਮਵਾਰ ਨੂੰ ਮ੍ਰਿਤਕਾਂ ਦੀ ਗਿਣਤੀ 1400 ਦੱਸੀ ਸੀ। ਵਿਵਾਦ ਵਾਲੇ ਅੰਕੜੇ ਨੂੰ ਜੋੜਨ ਨਾਲ ਮੌਤਾਂ ਦੀ ਗਿਣਤੀ 437 ਵਧ ਗਈ ਹੈ। ਇਸ ਦੌਰਾਨ ਦਿੱਲੀ ਵਿੱਚ ਬੀਤੇ ਇੱਕੋ ਦਿਨ 93 ਲੋਕਾਂ ਦੀ ਮੌਤ ਹੋਈ ਹੈ, ਜਿਹੜੀ ਦਿੱਲੀ ਵਿੱਚ ਇੱਕੋ ਦਿਨ ਵਿੱਚ ਮੌਤਾਂ ਦਾ ਰਿਕਾਰਡ ਹੈ। ਦਿੱਲੀ ਵਿੱਚ ਕੁੱਲ ਕੇਸਾਂ ਦੀ ਗਿਣਤੀ ਅੱਜ 44,688 ਹੋ ਗਈ ਹੈ। ਦਿੱਲੀ ਸਰਕਾਰ ਦੇ ਅਨੁਸ-ਾਰ 23515 ਕੋਰੋਨਾ ਮਰੀਜ਼ਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਅਤੇ ਅੱਜ ਤੱਕ 30,4483 ਲੋਕਾਂ ਦੀ ਕੋਰੋਨਾ ਬਾਰੇ ਜਾਂਚ ਕੀਤੀ ਜਾਂ ਚੁੱਕੀ ਹੈ।

ਇਸ ਤੋਂ ਇਲਾਵਾ ਮਹਾਰਾਸ਼ਟਰ ਵਿੱਚ ਅੱਜ ਤੱਕ ਕੁੱਲ ਮੌਤਾਂ ਦੀ ਗਿਣਤੀ 5537 ਹੋ ਗਈ ਹੈ, ਜਦ ਕਿ ਸਰਕਾਰ ਦੇ ਅੰਕੜੇ ਅਜੇ 4128 ਦੱਸਦੇ ਹਨ। ਗੁਜਰਾਤ ਵਿੱਚ ਮੌਤਾਂ ਦੀ ਗਿਣਤੀ ਸਰਕਾਰੀ ਤੌਰ ਉੱਤੇ 1505, ਮੱਧ ਪ੍ਰਦੇਸ਼ ਵਿੱਚ 465, ਪੱਛਮੀ ਬੰਗਾਲ ਦੀ 485, ਤਾਮਿਲ ਨਾਡੂ ਵਿੱਚ 479 ਅਤੇ ਉੱਤਰ ਪ੍ਰਦੇਸ਼ ਵਿੱਚ ਮੌਤਾਂ ਦੀ ਗਿਣਤੀ 399 ਦੱਸੀ ਗਈ ਹੈ। ਬੁੱਧਵਾਰ ਸਵੇਰ ਤੱਕ ਭਾਰਤ ਵਿੱਚ ਕੁੱਲ ਮੌਤਾਂ 11,921 ਅਤੇ ਕੇਸਾਂ ਦੀ ਗਿਣਤੀ 3,54,161 ਦੱਸੀ ਗਈ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Misisisauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਭਾਰਤ-ਚੀਨ ਫੌਜੀਆਂ ਦੀ ਸਿੱਧੀ ਝੜਪ ਵਿੱਚ 20 ਭਾਰਤੀ ਅਤੇ 43 ਚੀਨੀ ਫੌਜੀ ਮਾਰੇ ਗਏ

...ਪੰਨਾ 1 ਦਾ ਬਾਕੀ

ਦੱਸਿਆ ਜਾਂਦਾ ਹੈ ਕਿ ਇਸ ਕੰਟਰੋਲ ਰੇਖਾ ਉੱਤੇ ਅਖੀਰਲੀ ਵਾਰ ਦੋਵੇਂ ਪਾਸਿਓਂ ਸਾਲ 1967 ਵਿਚ ਗੋਲੀ ਚੱਲੀ ਸੀ। ਜਾਣਕਾਰ ਦੱਸਦੇ ਹਨ ਕਿ ਚੀਨ ਵਲੋਂ 1975 ਵਿਚ ਵੀ ਭਾਰਤੀ ਫੌਜਾਂ ਉੱਤੇ ਹਮਲਾ ਹੋਇਆ ਸੀ, ਪਰ ਭਾਰਤ-ਚੀਨ ਦੇ ਵਿਚਾਲੇ ਆਖਰੀ ਫਾਇਰਿੰਗ ਸਾਲ 1967 ਵਾਲੀ ਹੀ ਕਹੀ ਜਾਂਦੀ ਹੈ, ਜਿਸ ਮੁਤਾਬਕ 53 ਸਾਲ ਪਹਿਲਾਂ ਸਿੱਕਮ ਵਿੱਚ ਖੂਨੀ ਝੜਪ ਹੋਈ ਸੀ। ਚੀਨ ਓਦੋਂ ਇਸ ਲਈ ਖਿਝਿਆ ਪਿਆ ਸੀ ਕਿ ਓਥੇ 1962 ਦੀ ਜੰਗ ਵਿੱਚ ਭਾਰਤ ਦੇ 80 ਜਵਾਨ ਅਤੇ ਚੀਨ ਦੇ ਕਰੀਬ 400 ਫੌਜੀ ਮਾਰੇ ਗਏ ਸਨ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਲੱਦਾਖ ਵਿੱਚ ਭਾਰਤ ਅਤੇ ਚੀਨ ਵਿਚਾਲੇ ਤਣਾਅ ਵਧ ਗਿਆ ਸੀ। ਫਿਰ ਦੋਵਾਂ ਦੇਸ਼ਾਂ ਦੇ ਵੱਡੇ ਫੌਜੀ ਅਧਿਕਾਰੀਆਂ ਦੀਆਂ ਬੈਠਕਾਂ ਪਿੱਛੋਂ ਜਦੋਂ ਗਲਵਾਨ ਘਾਟੀ ਤੋਂ ਫੌਜਾਂ ਪਿੱਛੇ ਕਰਨ ਦੀ ਕਾਰਵਾਈ ਚੱਲ ਰਹੀ ਸੀ ਤਾਂ ਫੌਜਾਂ ਵਿੱਚ ਝੜਪ ਹੋ ਗਈ ਹੈ। ਭਾਰਤੀ ਫੌਜ ਦੇ ਅਨੁਸਾਰ ਇਸ ਝੜਪ ਵਿੱਚ ਭਾਰਤ ਦਾ ਇਕ ਅਧਿਕਾਰੀ ਤੇ 2 ਜਵਾਨ ਮਾਰੇ ਗਏ ਹਨ। ਚੀਨ ਵੱਲ 43 ਫੌਜੀ ਮਾਰੇ ਗਏ ਦੱਸੇ ਜਾ ਰਹੇ ਹਨ। ਇਸ ਦੌਰਾਨ ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਸ ਦੇ ਮੁੱਖ ਸੰਪਾਦਕ ਹੂ ਜਿਜਿਨ ਨੇ ਮੰਨਿਆ ਕਿ ਚੀਨੀ ਫੌਜ ਨੂੰ ਵੀ ਭਾਰਤੀ ਫੌਜਾਂ ਨਾਲ ਸਰਹੱਦ ਉੱਤੇ ਝੜਪ ਵਿਚ ਆਪਣੇ ਜਵਾਨਾਂ ਦੀ ਜਾਨ ਗੁਆਉਣੀ ਪਈ ਹੈ। ਉਨ੍ਹਾ ਨੇ ਇਕ ਟਵੀਟ ਵਿਚ ਕਿਹਾ ਕਿ ਮੈਂ ਜੋ ਜਾਣਦਾ ਹਾਂ, ਉਸ ਮੁਤਾਬਕ ਗਲਵਨ ਘਾਟੀ ਦੀ ਸਰੀਰਕ ਝੜਪ ਵਿਚ ਚੀਨ ਦੀ ਫੌਜ ਨੂੰ ਵੀ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਇਸ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ। ਗਲੋਬਲ ਟਾਈਮਸ ਦੀ ਸੀਨੀਅਰ ਪੱਤਰਕਾਰ ਨੇ ਸੋਸ਼ਲ ਸਾਈਟ ਉੱਤੇ ਦਰਜ ਕੀਤਾ ਹੈ ਕਿ ਚੀਨੀ ਫੌਜ ਦਾ ਭਾਰੀ ਨੁਕਸਾਨ ਹੋਇਆ ਹੈ।

ਅੱਜ ਮੰਗਲਵਾਰ ਦੁਪਹਿਰ ਚੀਨੀ ਸਰਹੱਦ ਉੱਤੇ ਇਸ ਝੜਪ ਦੀ ਖਬਰ ਆਉਣ ਤੋਂ ਪਹਿਲਾਂ ਕਿਸੇ ਨੂੰ ਖਿਆਲ ਵੀ ਨਹੀਂ ਸੀ ਕਿ ਭਾਰਤ-ਚੀਨ ਵਿਚਾਲੇ ਕੰਟਰੋਲ ਰੇਖਾ ਦੇ ਤਣਾਅ ਕਾਰਨ ਝੜਪ ਹੋ ਜਾਵੇਗੀ। ਕਰੀਬ 12:30 ਵਜੇ ਖਬਰ ਆਈ ਕਿ ਭਾਰਤ ਤੇ ਚੀਨ ਦੀਆਂ ਫੌਜਾਂ ਵਿਚਾਲੇ ਹਿੰਸਕ ਝੜਪ ਹੋਈ ਤੇ ਭਾਰਤੀ ਫੌਜ ਦੇ ਇਕ ਕਮਾਂਡਿੰਗ ਅਫਸਰ ਸਣੇ ਤਿੰਨ ਭਾਰਤੀ ਜਵਾਨ ਸ਼ਹੀਦ ਹੋਏ ਹਨ। ਇਸ ਤੋਂ ਬਾਅਦ ਸਰਹੱਦ ਦੀ ਸਥਿਤੀ ਦੀ ਸੂਚਨਾ ਆਉਣ ਲੱਗੀ ਤੇ ਬੈਠਕਾਂ ਦਾ ਦੌਰ ਚੱਲ ਪਿਆ। ਇਸ ਦੌਰਾਨ ਚੀਨ ਸਰਕਾਰ ਵਲੋਂ ਵੀ ਬਿਆਨ ਆਉਣ ਲੱਗ ਪਏ ਤੇ ਚੀਨੀ ਵਿਦੇਸ਼ ਮੰਤਰਾਲੇ ਨੇ ਝੜਪ ਦਾ ਦੋਸ਼ ਭਾਰਤੀ ਫੌਜ ਉੱਤੇ ਮੜ੍ਹ ਦਿੱਤਾ। ਉਨ੍ਹਾ ਦੋਸ਼ ਲਾਇਆ ਕਿ ਸੋਮਵਾਰ ਭਾਰਤੀ ਫੌਜ ਨੇ ਕੰਟਰੋਲ ਲਾਈਨ ਦਾ ਗੰਭੀਰ ਉਲੰਘਣ ਕੀਤਾ ਅਤੇ ਚੀਨੀ ਖੇਤਰ ਵਿਚ ਦਾਖਲ ਹੋ ਕੇ ਚੀਨੀ ਫੌਜਾਂ ਉੱਤੇ ਹਮਲਾ ਕੀਤਾ ਹੈ।

# ਟਰੂਡੋ ਅਤੇ ਮੋਦੀ ਨੇ ਆਪਸੀ ਸਹਿਯੋਗ ਅਤੇ ਰਲ ਕੇ ਚੱਲਣ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਦੋਵਾਂ ਆਗੂਆਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਭਾਰਤ-ਕੈਨੇਡਾ ਭਾਈਵਾਲੀ ਮਹਾਂਮਾਰੀ ਤੋਂ ਬਾਅਦ ਵਾਲੇ ਸਮੇਂ ਵਿੱਚ ਸੰਸਾਰ ਲਈ ਮਿਸਾਲ ਬਣ ਸਕਦੀ ਹੈ। ਦੋਵਾਂ ਆਗੂਆਂ ਨੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊਐਚਓ) ਵਰਗੀਆਂ ਬਹੁਪੱਖੀ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਸਿਹਤ, ਸਮਾਜਕ, ਆਰਥਿਕ ਤੇ ਸਿਆਸੀ ਮਾਮਲਿਆਂ ਵਿੱਚ ਰਲ ਕੇ ਕੰਮ ਕਰਨ ਲਈ ਵੀ ਸਹਿਮਤੀ ਪ੍ਰਗਟਾਈ।

ਕੈਨੇਡਾ ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਪਿਛਲੇ ਦਿਨਾਂ ਵਿੱਚ ਕੈਨੇਡੀਅਨ ਅਧਿਕਾਰੀਆਂ ਵੱਲੋਂ ਦਿੱਤੇ ਗਏ ਸਹਿਯੋਗ ਅਤੇ ਉਨ੍ਹਾਂ ਦੇ ਘਰ ਪਰਤਣ ਲਈ ਕੀਤੀ ਗਈ ਮਦਦ ਵਾਸਤੇ ਪ੍ਰਧਾਨ ਮੰਤਰੀ ਮੋਦੀ ਨੇ ਜਿੱਥੇ ਕੈਨੇਡਾ ਸਰਕਾਰ ਦਾ ਧੰਨਵਾਦ ਕੀਤਾ ਉੱਥੇ ਹੀ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਇਸੇ ਤਰ੍ਹਾਂ ਹੀ ਪ੍ਰਧਾਨ ਮੰਤਰੀ ਟਰੂਡੋ ਨੇ ਵੀ ਕੈਨੇਡੀਅਨ ਨਾਗਰਿਕਾਂ ਦੇ ਭਾਰਤ ਤੋਂ ਵਾਪਿਸ ਦੇਸ਼ ਪਰਤਣ ਵਿੱਚ ਸਹਿਯੋਗ ਦੇਣ ਲਈ ਭਾਰਤੀ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ ਤੇ ਖੁਸ਼ੀ ਪ੍ਰਗਟਾਈ।

ਆਉਣ ਵਾਲੇ ਦਿਨਾਂ ਵਿੱਚ ਵੀ ਦੋਵਾਂ ਆਗੂਆਂ ਨੇ ਇਸੇ ਤਰ੍ਹਾਂ ਸਲਾਹ ਮਸ਼ਵਰਾ ਜਾਰੀ ਰੱਖਣ ਉੱਤੇ ਸਹਿਮਤੀ ਦਿੱਤੀ। ਦੋਵਾਂ ਆਗੂਆਂ ਨੇ ਇਸ ਗੱਲ ਉੱਤੇ ਵੀ ਤਸੱਲੀ ਪ੍ਰਗਟਾਈ ਕਿ ਵੱਡੇ ਅਰਥਚਾਰੇ ਤੇ ਜਮਹੂਰੀ ਮੁਲਕ ਹੋਣ ਨਾਤੇ ਦੋਵਾਂ ਦੇਸ਼ਾਂ ਦੀਆਂ ਕਦਰਾਂ ਕੀਮਤਾਂ ਕਾਫੀ ਹੱਦ ਤੱਕ ਮਿਲਦੀਆਂ ਹਨ ਤੇ ਕਈ ਗਲੋਬਲ ਮੁੱਦਿਆਂ ਉੱਤੇ ਦੋਵਾਂ ਦੇਸ਼ਾਂ ਦੀ ਸੋਚ ਵੀ ਮਿਲਦੀ ਹੈ।

# ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਛੇ ਹੋਰ ਮੌਤਾਂ

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਪੰਜਾਬ ਵਿੱਚ ਅੱਜ ਮੰਗਲਵਾਰ ਨੂੰ ਕੋਰੋਨਾ ਵਾਇਰਸ ਦੇ ਕਾਰਨ ਛੇ ਹੋਰ ਲੋਕਾਂ ਦੀ ਮੌਤ ਹੋ ਗਈ ਹੈ। ਬਾਕੀ ਰਾਜਾਂ ਨਾਲੋਂ ਪੰਜਾਬ ਦੀ ਹਾਲਤ ਭਾਵੇਂ ਚੰਗੀ ਕਹੀ ਜਾ ਸਕਦੀ ਹੈ, ਪਰ ਪਿਛਲੇ ਦਿਨਾਂ ਵਿੱਚ ਇਸ ਰਾਜ ਵਿੱਚ ਵੀ ਮੌਤਾਂ ਅਤੇ ਕੇਸਾਂ ਵਿੱਚ ਲਗਾਤਾਰ ਵਾਧਾ ਹੋਈ ਜਾ ਰਿਹਾ ਹੈ। ਇਸ ਦੇ ਅੰਮ੍ਰਿਤਸਰ ਜ਼ਿਲੇ ਵਿੱਚ ਮੌਤਾਂ ਅਤੇ ਕੇਸਾਂ ਦਾ ਲਗਾਤਾਰ ਵਧਦਾ ਜਾਣਾ ਗੰਭੀਰ ਚਿੰਤਾ ਪੈਦਾ ਕਰਨ ਵਾਲਾ ਹੈ।

ਅੱਜ ਮੰਗਲਵਾਰ ਨੂੰ ਅੰਮ੍ਰਿਤਸਰ ਵਿਚ ਕੋਰੋਨਾ ਵਾਇਰਸ ਦੇ ਨਾਲ ਤਿੰਨ ਲੋਕਾਂ ਦੀ ਮੌਤ ਹੋਈ ਹੈ। ਭੁਸ਼ਣਪੁਰਾ ਨਾਲ ਸੰਬੰਧਤ ਇੱਕ 51 ਸਾਲਾ ਔਰਤ, ਹਰੀਪੁਰਾ ਦੇ ਇੱਕ ਵਿਅਕਤੀ ਤੇ ਅਜੀਤ ਨਗਰ ਦੇ ਇੱਕ ਬਜ਼ੁਰਗ ਦੀ ਅੱਜ ਕੋਰੋਨਾ ਦੇ ਕਾਰਨ ਮੌਤ ਹੋਈ ਦੱਸੀ ਗਈ ਹੈ। ਇਸ ਜ਼ਿਲੇ ਵਿੱਚ ਅੱਜ ਤਕ 24 ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੂਸਰੇ ਪਾਸੇ ਫਿਰੋਜ਼ਪੁਰ ਵਿੱਚ ਇੱਕ ਰਾਜ ਕੁਮਾਰ (45 ਸਾਲ) ਨਾਂਅ ਦੇ ਵਿਅਕਤੀ ਦੀ ਕੋਰੋਨਾ ਵਾਇਰਸ ਕਾਰਨ ਮੌਤ ਹੋ ਗਈ ਹੈ। ਉਸ ਨੂੰ 10 ਜੂਨ ਨੂੰ ਲੁਧਿਆਣਾ ਦੇ ਸੀ ਐੱਮ ਸੀ ਹਸਪਤਾਲ ਭਰਤੀ ਕਰਾਇਆ ਗਿਆ ਸੀ। ਫਿਰੋਜ਼ਪੁਰ ਜ਼ਿਲੇ ਵਿਚ ਇਹ ਦੂਸਰੀ ਮੌਤ ਹੈ। ਓਧਰ ਸੰਗਰੂਰ ਵਿਚ ਪੈਪਸੂ ਰੋਡਵੇਜ਼ ਦੇ ਸੇਵਾਮੁਕਤ 60 ਸਾਲਾ ਜ਼ਿਲ੍ਹਾ ਮੈਨੇਜਰ ਦੀ ਕੋਰੋਨਾ ਦੇ ਕਾਰਨ ਮੌਤ ਹੋ ਗਈ ਹੈ। ਇਹ ਇਸ ਜ਼ਿਲ੍ਹੇ ਵਿਚ ਚੌਥੀ ਮੌਤ ਹੈ।

# ਹੋਮ ਡੀਪੂ ਦੇ 14 ਕਰਮਚਾਰੀ ਕੋਵਿਡ-19 ਪਾਜ਼ੀਟਿਵ


...ਪੰਨਾ 1 ਦਾ ਬਾਕੀ

ਯੌਰਕ ਰੀਜਨਲ ਪਬਲਿਕ ਹੈਲਥ ਨੇ ਆਖਿਆ ਕਿ ਜੇ ਕੋਈ ਵੀ ਇੱਥੋਂ ਦੇ ਕਰਮਚਾਰੀਆਂ ਦੇ ਦੋ ਮੀਟਰ ਦੇ ਦਾਇਰੇ ਵਿੱਚ 10 ਮਿੰਟ ਤੋਂ ਜ਼ਿਆਦਾ ਲਈ ਆਇਆ ਹੈ ਤਾਂ ਉਸ ਨੂੰ 14 ਦਿਨ ਲਈ ਇਨ੍ਹਾਂ ਲਛਣਾਂ ਲਈ ਖੁਦ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਫਿਰ ਅਸੈਸਮੈਂਟ ਸੈਂਟਰ ਉੱਤੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਇਲਾਕੇ ਵਿੱਚ ਤਿੰਨ ਅਸੈਸਮੈਂਟ ਸੈਂਟਰ ਮਾਰਖਮ-ਸਟਫਵਿਲੇ ਹਸਪਤਾਲ, ਮੈਕੈਂਜੀ ਹੈਲਥ ਤੇ ਸਾਊਥਲੇਕ ਰੀਜਨਲ ਹੈਲਥ ਸੈਂਟਰ ਵਿੱਚ ਹਨ।

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637



ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ




Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ




BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •




ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਲੁਧਿਆਣਾ ਦੇ ਹਾਰਡੀ ਵਰਲਡ ਦਾ ਮਾਲਕ ਸ਼ਰਾਬ ਠੇਕੇਦਾਰ ਬਿੱਟੂ ਛਾਬੜਾ ਗ੍ਰਿਫ਼ਤਾਰ

## * ਐਕਸਾਈਜ਼ ਦੇ ਛਾਪੇ ਦੌਰਾਨ ਵੱਡੀ ਬਰਾਮਦਗੀ ਹੋਣ ਦਾ ਦਾਅਵਾ

ਲੁਧਿਆਣਾ, 16 ਜੂਨ, (ਪੋਸਟ ਬਿਊਰੋ)- ਲੁਧਿਆਣਾ-ਫਿਲੌਰ ਦੇ ਵਿਚਾਲੇ ਪ੍ਰਸਿੱਧ ਪਿਕਨਿਕ ਸਪਾਟ ਹਾਰਡੀ ਵਰਲਡ ਦੇ ਮਾਲਕ ਅਤੇ ਵੱਡੇ ਸ਼ਰਾਬ ਠੇਕੇਦਾਰ ਬਿੱਟੂ ਛਾਬੜਾ ਨੂੰ ਅੱਜ ਜਗਰਾਉਂ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਜਲੰਧਰ ਰੋਡ ਉੱਤੇ ਬਣੇ ਹਾਰਡੀ ਵਰਲਡ ਵਿੱਚ ਉਸ ਦੇ ਦਫ਼ਤਰ ਤੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਓਥੋਂ ਕਈ ਚੀਜ਼ਾਂ ਦੀ ਬਰਾਮਦਗੀ ਹੋਈ ਦੱਸੀ ਹੈ, ਪਰ ਉਸ ਦੀ ਸਾਰੀ ਜਾਣਕਾਰੀ ਨਹੀਂ ਦਿੱਤੀ।

ਵਰਨਣ ਯੋਗ ਹੈ ਕਿ ਬਿੱਟੂ ਛਾਬੜਾ ਮਸ਼ਹੂਰ ਸ਼ਰਾਬ ਠੇਕੇਦਾਰ ਕੇਵਲ ਛਾਬੜਾ ਦਾ ਭਰਾ ਹੈ। ਉਸ ਦੀ ਗ੍ਰਿਫਤਾਰੀ ਅੱਜ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਹੁਕਮ ਉੱਤੇ ਡੀ ਐੱਸ ਪੀ ਮੁਲਾਂਪੁਰ ਦਾਖਾ ਗੁਰਬੰਤ ਸਿੰਘ ਬੈਂਸ ਦੀ ਅਗਵਾਈ ਹੇਠ ਆਈ ਪੁਲਿਸ ਟੀਮ ਨੇ ਕੀਤੀ ਹੈ। ਪਤਾ ਲੱਗਾ ਹੈ ਕਿ ਕਰੀਬ ਪੰਜ ਮਹੀਨੇ ਪਹਿਲਾਂ ਜਗਰਾਉਂ ਨੇੜੇ ਖੰਡੂਰ ਪਿੰਡ ਵਿਚ ਪੁਲਸ ਨੇ ਇਕ ਵੱਡੀ ਸ਼ਰਾਬ ਦੀ ਫੈਕਟਰੀ ਫੜੀ ਸੀ, ਜਿੱਥੇ ਸਕਾਚ ਦੀਆਂ ਬੋਤਲਾਂ ਵਿਚ ਨਕਲੀ ਸ਼ਰਾਬ ਭਰਨ ਦਾ ਕੰਮ ਹੁੰਦਾ ਸੀ। ਐਕਸਾਈਜ਼ ਵਿਭਾਗ ਦੇ ਅਫਸਰਾਂ ਨੇ ਉਹ ਛਾਪਾ ਸਥਾਨਕ ਪੁਲਿਸ ਨੂੰ ਨਾਲ ਲੈ ਕੇ ਮਾਰਿਆ ਸੀ ਤੇ ਓਥੋਂ ਬਲੈਕ ਡੌਗ, ਸ਼ਿਵਾਜ਼ ਰੀਗਲ, ਜਾਨੀ ਵਾਕਰ ਬਲੈਕ ਲੇਬਲ, ਰੈੱਡ ਲੇਬਲ ਸਣੇ ਕਈ ਵੱਡੇ ਬਰਾਂਡਜ਼ ਦੀਆਂ ਸ਼ਰਾਬ ਦੀਆਂ ਖ਼ਾਲੀ ਬੋਤਲਾਂ ਤੇ ਉਨ੍ਹਾਂ ਦੇ ਲੇਬਲ ਫੜੇ ਸਨ। ਓਦੋਂ ਸੋਸ਼ਲ ਮੀਡੀਆ ਉੱਤੇ ਉਸ ਦੀ ਵੀਡੀਓ ਵਾਇਰਲ ਹੋਈ ਸੀ।

ਅੱਜ ਐੱਸ ਐੱਸ ਪੀ ਜਗਰਾਉਂ ਵਿਵੇਕ ਸੋਨੀ ਨੇ ਦੱਸਿਆ ਕਿ ਪੂਰੇ ਕੇਸ ਦੀ ਜਾਂਚ ਬਿਊਰੋ ਆਫ ਇਨਵੈਸਟੀਗੇਸ਼ਨ (ਬੀ ਓ ਆਈ) ਦੇ ਆਈ ਜੀ ਨਾਗੇਸ਼ਵਰ ਰਾਓ ਦੀ ਅਗਵਾਈ ਵਾਲੀ ਟੀਮ ਕਰ ਰਹੀ ਹੈ। ਫਰਵਰੀ 2020 ਵਿੱਚ ਖੰਡੂਰ ਪਿੰਡ ਤੋਂ ਫੜੀ ਸ਼ਰਾਬ ਦੀ ਨਕਲੀ ਫੈਕਟਰੀ ਬਾਰੇ ਥਾਣਾ ਜੋਧਾਂ ਵਿਚ ਕੇਸ ਦਰਜ ਹੋਇਆ ਅਤੇ ਬੀ ਓ ਆਈ ਨੇ ਇਸ ਦੀ ਜਾਂਚ ਲਈ ਐੱਸ ਆਈ ਟੀ ਬਣਾਈ ਸੀ, ਜਿਸ ਵਿਚ ਆਈ ਜੀ ਨਾਗੇਸ਼ਵਰ ਰਾਓ, ਐੱਸ ਐੱਸ ਪੀ ਜਗਰਾਉਂ ਵਿਵੇਕ ਸੋਨੀ, ਡੀ ਐੱਸ ਪੀ ਦਾਖਾ ਗੁਰਬੰਸ ਸਿੰਘ ਬੈਂਸ, ਐੱਸ ਐੱਚ ਓ ਥਾਣਾ ਜੋਧਾਂ ਅਤੇ ਇਕ ਐਕਸਾਈਜ਼ ਵਿਭਾਗ ਦਾ ਅਫਸਰ ਸ਼ਾਮਲ ਹਨ। ਇਸ ਐੱਸ ਆਈ ਟੀ ਵੱਲੋਂ ਜਾਂਚ ਵਿੱਚ ਪੁਲਿਸ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਅੱਜ ਬਿੱਟੂ ਛਾਬੜਾ ਨੂੰ ਲੁਧਿਆਣੇ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

# ਸਿਹਤ ਵਿਭਾਗ ਦਾ ਅੰਦਰਲਾ ਹਾਲ ਵਿਜੀਲੈਂਸ ਦੇ ਛਾਪੇ ਵਿੱਚ ਨੰਗਾ ਹੋਇਆ

ਚੰਡੀਗੜ੍ਹ, 16 ਜੂਨ, (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਝੂਠੀਆਂ ਡੋਪ ਟੈਸਟ ਰਿਪੋਰਟਾਂ ਬਣਾਉਣ, ਫਰਜੀ ਹੈਂਡੀਕੈਪਡ ਸਰਟੀਫੀਕੇਟ ਦੇਣ, ਡਾਕਟਰੀ ਰਿਪੋਰਟਾਂ (ਐਮ ਐਲ ਆਰ) ਵਿਚ ਹੇਰਾਫੇਰੀ ਕਰਕੇ ਲੜਾਈ ਦੌਰਾਨ ਸੱਟਾਂ ਦੀ ਕਿਸਮ ਬਦਲਣ ਅਤੇ ਆਯੂਸ਼ਮਾਨ ਭਾਰਤ ਜਨ ਸਿਹਤ ਯੋਜਨਾ ਲਈ ਵੱਡੇ ਪੱਧਰ ਉੱਤੇ ਰਿਸ਼ਵਤ ਲੈਣ ਦੇ ਦੋਸ਼ ਵਿੱਚ ਅੱਜ ਮਾਨਸਾ ਹਸਪਤਾਲ ਦੇ ਤਿੰਨ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਵੱਡੇ ਸਕੈਂਡਲ ਦਾ ਪਰਦਾ ਫਾਸ਼ ਕੀਤਾ ਹੈ।

ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ-ਕਮ-ਏ ਡੀ ਜੀ ਪੀ ਬਰਜਿੰਦਰ ਕੁਮਾਰ ਉੱਪਲ ਨੇ ਦੱਸਿਆ ਕਿ ਸਿਵਲ ਹਸਪਤਾਲ ਮਾਨਸਾ ਦੇ ਮੁਲਾਜ਼ਮਾਂ ਵੱਲੋਂ ਵੱਖ-ਵੱਖ ਤਰ੍ਹਾਂ ਭ੍ਰਿਸ਼ਟਾਚਾਰ ਹੁੰਦਾ ਸੀ। ਇਸ ਬਾਰੇ ਵਿਜੀਲੈਂਸ ਨੂੰ ਮਿਲੀ ਸੂਚਨਾ ਉੱਤੇ ਪਿਛਲੇ 4 ਮਹੀਨੇ ਤੋਂ ਚੱਲ ਰਹੇ ਅਪਰੇਸ਼ਨ ਵਿੱਚ ਪਤਾ ਲੱਗਾ ਕਿ ਵਿਜੈ ਕੁਮਾਰ ਲੈਬ ਟੈਕਨੀਸ਼ੀਅਨ, ਦਰਸ਼ਨ ਸਿੰਘ ਫਰਮਾਸਿਸਟ ਅਤੇ ਤੇਜਿੰਦਰਪਾਲ ਸ਼ਰਮਾ ਵਿੱਤ ਕਮ ਲਾਜਿਸਟਿਕ ਅਫਸਰ (ਐਫ ਐਲ ਓ) ਵੱਲੋਂ ਲੋਕਾਂ ਨੂੰ ਝੂਠੀਆਂ ਡੋਪ ਟੈਸਟ ਰਿਪੋਰਟਾਂ ਦੇਣ, ਝੂਠੇ ਅੰਗਹੀਣ ਸਰਟੀਫੀਕੇਟ ਬਣਾਉਣ, ਲੜਾਈ ਦੇ ਕੇਸਾਂ ਵਿੱਚ ਹੇਰਾਫੇਰੀ ਨਾਲ ਸੱਟਾਂ ਦੀ ਕਿਸਮ ਬਦਲਣ ਅਤੇ ਆਯੂਸ਼ਮਾਨ ਭਾਰਤ ਜਨ ਸਿਹਤ ਯੋਜਨਾ ਲਈ ਭ੍ਰਿਸ਼ਟਾਚਾਰ ਹੋ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਮਜੀਤ ਸਿੰਘ ਵਿਰਕ, ਐੱਸ ਐੱਸ ਪੀ ਵਿਜੀਲੈਂਸ ਬਠਿੰਡਾ ਦੀ ਅਗਵਾਈ ਹੇਠ ਬਠਿੰਡਾ ਵਿਜੀਲੈਂਸ ਟੀਮ ਨੇ ਇਨ੍ਹਾਂ ਤਿੰਨਾਂ ਦੋਸ਼ੀਆਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਕੁਝ ਪ੍ਰਾਈਵੇਟ ਹਸਪਤਾਲਾਂ ਦੇ ਮਾਲਕਾਂ ਅਤੇ ਡਾਕਟਰਾਂ ਨਾਲ ਮਿਲ ਕੇ ਆਯੂਸ਼ਮਾਨ ਭਾਰਤ ਜਨ ਸਿਹਤ ਯੋਜਨਾ ਤਹਿਤ ਮਰੀਜਾਂ ਦੇ ਕੇਸ ਸਿਵਲ ਹਸਪਤਾਲ ਮਾਨਸਾ ਤੋਂ ਪ੍ਰਾਈਵੇਟ ਹਸਪਤਾਲਾਂ ਨੂੰ ਇਲਾਜ ਲਈ ਰੈਫਰ ਕਰ ਕੇ ਯੋਜਨਾ ਦੀ ਦੁਰਵਰਤੋਂ ਕਰਦੇ ਅਤੇ ਵੱਡੇ ਪੱਧਰ ਉੱਤੇ ਰਿਸ਼ਵਤਾਂ ਲੈਂਦੇ ਸਨ। ਉੱਪਲ ਨੇ ਦੱਸਿਆ ਕਿ ਸਿਵਲ ਹਸਪਤਾਲ ਮਾਨਸਾ ਵਿੱਚ ਡੋਪ ਟੈਸਟ ਕਰਵਾਉਣ ਆਏ ਲੋਕਾਂ ਵਿੱਚੋਂ ਜਿਨ੍ਹਾਂ ਦੇ ਨਤੀਜੇ ਡਰੱਗ ਬਾਰੇ ਪਾਜ਼ੇਟਿਵ ਸਨ, ਉਨਾਂ ਤੋਂ ਕਰੀਬ 10 ਹਜ਼ਾਰ ਰੁਪਏ ਪ੍ਰਤੀ ਵਿਅਕਤੀ ਲੈ ਕੇ ਡੋਪ ਟੈਸਟ ਦਾ ਪਾਜ਼ੇਟਿਵ ਨਤੀਜਾ ਬਦਲ ਕੇ ਨੈਗੇਟਿਵ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਨਸ਼ੇੜੀ ਲੋਕ ਵੀ ਅਸਲਾ ਲਾਇਸੰਸ ਬਣਵਾ ਤੇ ਰੀਨਿਊ ਕਰਵਾ ਜਾਂਦੇ ਸਨ। ਉਨਾਂ ਕਿਹਾ ਕਿ ਸਿਵਲ ਅਤੇ ਪੰਜਾਬ ਪੁਲਿਸ ਵਿਚ ਨੌਕਰੀ ਕਰਦੇ ਕਈ ਲੋਕ ਜੋ ਨਸ਼ਿਆਂ ਦੇ ਆਦੀ ਹੋ ਚੁੱਕੇ ਸਨ, ਉਹ ਵੀ ਰਿਸ਼ਵਤ ਦੇ ਕੇ ਡੋਪ ਟੈਸਟ ਤੋਂ ਪਾਸ ਹੋ ਜਾਂਦੇ ਰਹੇ ਸਨ।

# ਪਾਕਿਸਤਾਨ ਨੇ ਯੂ ਐੱਨ ਵਿਚ ਕਸ਼ਮੀਰ ਦਾ ਮੁੱਦਾ ਚੁੱਕਿਆ, ਭਾਰਤ ਵੱਲੋਂ ਜਵਾਬੀ ਵਾਰ

## * ਇਮਰਾਨ ਸਰਕਾਰ ਨੂੰ ਬਲੋਚਿਸਤਾਨ ਅਤੇ ਸਿੰਧ ਵੱਲ ਝਾਕਣ ਨੂੰ ਕਿਹਾ



ਨਿਊਯਾਰਕ, 16 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਨੇ ਹਮੇਸ਼ਾਂ ਵਾਂਗ ਸੋਮਵਾਰ ਦੇ ਦਿਨ ਯੂ ਐੱਨ ਮਨੁੱਖੀ ਅਧਿਕਾਰ ਕੌਂਸਲ (ਯੂ ਐੱਨ ਐੱਚ ਆਰ ਸੀ) ਵਿੱਚ ਕਸ਼ਮੀਰ ਦਾ ਮੁੱਦਾ ਚੁੱਕਿਆ ਤਾਂ ਭਾਰਤ ਨੇ ਉਸ ਨੂੰ ਜੰਮ ਕੇ ਝਾੜਿਆ ਅਤੇ ਉਸ ਦੇ ਆਪਣੇ ਅੰਦਰਲੇ ਗੰਭੀਰ ਹਾਲਾਤ ਬਾਰੇ ਵੀ ਜ਼ੋਰਦਾਰ ਚਿੰਤਾ ਜ਼ਾਹਿਰ ਕੀਤੀ ਹੈ।

ਯੂ ਐੱਨ ਐੱਚ ਆਰ ਸੀ ਦੇ 43ਵੇਂ ਸੈਸ਼ਨ ਵਿੱਚ ਇਸ ਸੋਮਵਾਰ ਪਾਕਿਸਤਾਨ ਵੱਲੋਂ ਕਸ਼ਮੀਰ ਦਾ ਮੁੱਦਾ ਚੁੱਕਣ ਦੇ ਬਾਅਦ 'ਰਾਈਟ ਟੂ ਰਿਪਲਾਈ' ਦੀ ਵਰਤੋਂ ਕਰਦੇ ਹੋਏ ਭਾਰਤ ਦੇ ਸਥਾਈ ਮਿਸ਼ਨ ਦੇ ਫਸਟ ਸੈਕਟਰੀ ਸੇਂਥਿਲ ਕੁਮਾਰ ਨੇ ਪਾਕਿਸਤਾਨ ਨੂੰ ਮਨੁੱਖੀ ਅਧਿਕਾਰ ਫੋਰਮ ਦੀ ਦੁਰਵਰਤੋਂ ਕਰਨ ਉੱਤੇ ਝਾੜ ਪਾਈ ਤੇ ਕਿਹਾ ਕਿ ਉਹ ਕਿਸੇ ਨੂੰ ਅਣਚਾਹੀ ਸਲਾਹ ਦੇਣ ਤੋਂ ਪਹਿਲਾਂ ਆਪਣੇ ਦੇਸ਼ ਵਿੱਚ ਮਨੁੱਖੀ ਅਧਿਕਾਰਾਂ ਦੇ ਗੰਭੀਰ ਹਲਾਤ ਵੱਲ ਵੀ ਝਾਕਣ। ਭਾਰਤ ਨੇ ਕਿਹਾ ਕਿ ਜਿਵੇਂ ਯੋਜਨਾਬੱਧ ਤੇ ਜਥੇਬੰਦਕ ਤੌਰ ਉੱਤੇ ਕੁਫਰ ਦੇ ਕਾਨੂੰਨ ਨੂੰ ਹਥਿਆਰ ਬਣਾ ਕੇ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨਾਲ ਜ਼ੁਲਮ ਕੀਤਾ ਜਾਂਦਾ ਹੈ, ਉਹ ਦੇਖਣਾ ਚਾਹੀਦਾ ਹੈ। ਪਾਕਿਸਤਾਨ ਵਿੱਚ ਲੋਕ ਅਚਾਨਕ ਗਾਇਬ ਕਰ ਦਿੱਤੇ ਜਾਂਦੇ ਹਨ। ਸਰਕਾਰੀ ਸਰਪ੍ਰਸਤੀ ਵਾਲੀ ਹਿੰਸਾ, ਜ਼ਬਰਦਸਤੀ ਸਮੂਹਿਕ ਉਜਾੜੇ, ਕਤਲਾਂ, ਕਨਸੈਂਟਰੇਸ਼ਨ ਕੈਂਪਾਂ ਅਤੇ ਬਲੋਚਿਸਤਾਨ ਵਿੱਚ ਫ਼ੌਜੀ ਕੈਂਪਾਂ ਦੀ ਦਹਿਸ਼ਤ ਆਮ ਚਰਚਾ ਵਿੱਚ ਹੈ।

ਸੇਂਥਿਲ ਕੁਮਾਰ ਨੇ ਕਿਹਾ ਕਿ ਭਾਰਤ ਵੱਲੋਂ ਜੰਮੂ-ਕਸ਼ਮੀਰ ਬਾਰੇ ਪਿਛਲੇ ਸਾਲ ਧਾਰਾ 370 ਬਾਰੇ ਫੈਸਲਾ ਬਾਹਰੀ ਪ੍ਰਭਾਵ ਤੋਂ ਅਜ਼ਾਦ ਸੀ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੇ ਸ਼ਾਂਤੀ ਭੰਗ ਕਰਨ ਦੀਆਂ ਪਾਕਿਸਤਾਨੀ ਕੋਸ਼ਿਸ਼ਾਂ ਨੂੰ ਰੱਦ ਕੀਤਾ ਹੈ। ਸੇਂਥਿਲ ਕੁਮਾਰ ਨੇ ਕਿਹਾ ਕਿ ਕੋਈ ਨਹੀਂ ਜਾਣਦਾ 47,000 ਬਲੂਚ ਅਤੇ 35,000 ਪਸ਼ਤੂਨ ਲੋਕ ਕਿੱਥੇ ਹਨ? ਪਾਕਿਸਤਾਨ ਵਿੱਚ ਜਿਵੇਂ ਫਿਰਕੂ ਹਿੰਸਾ ਹੋਈ ਹੈ, ਉਸ ਵਿੱਚ 50,000 ਬਲੂਚ ਨਾ ਸਿਰਫ ਮਾਰ ਦਿੱਤੇ ਗਏ, ਸਗੋਂ ਇੱਕ ਲੱਖ ਤੋਂ ਵੱਧ ਲੋਕ ਦੇਸ਼ ਛੱਡ ਕੇ ਭੱਜ ਗਏ ਹਨ। ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵਿੱਚ ਗਿਲਗਿਤ ਤੇ ਬਾਲਟਿਸਤਾਨ ਵਿੱਚ ਲੋਕਾਂ ਉੱਤੇ ਜ਼ੁਲਮ ਹੋ ਰਹੇ ਹਨ। ਇਸ ਲਈ ਭਾਰਤ ਉੱਤੇ ਦੋਸ਼ ਲਾਉਣ ਤੋਂ ਪਹਿਲਾਂ ਪਾਕਿਸਤਾਨ ਨੂੰ ਆਪਣੇ ਘਰ ਬਾਰੇ ਸੋਚਣਾ ਚਾਹੀਦਾ ਹੈ। ਸਿੰਧ ਵਿੱਚ ਕੀ ਕੁੱਝ ਹੋ ਰਿਹਾ ਹੈ, ਉਸ ਵੱਲ ਵੇਖਣਾ ਚਾਹੀਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE

AZ Tractor trailer program
Manual transmission & backup training everyday
We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰਮੁਖ, ਬੇਮੁਖ ਤੇ ਨਿੰਦਕ ਦਾ ਪਰਿਪੇਖ

ਡਾ. ਸੁਖਦੇਵ ਸਿੰਘ ਝੰਡ
ਫ਼ੋਨ: 84377-27375

ਭਾਈ ਗੁਰਦਾਸ ਜੀ ਉੱਘੇ ਸਿੱਖ ਵਿਦਵਾਨ ਤੇ ਚਿੰਤਕ ਹੋਏ ਹਨ। ਉਨ੍ਹਾਂ ਵੱਲੋਂ ਆਪਣੀਆਂ ਵਾਰਾਂ ਵਿਚ ਸਿੱਖੀ ਜੀਵਨ ਜਾਚ ਦੇ ਵੱਖ-ਵੱਖ ਪਹਿਲੂਆਂ ਨੂੰ ਬੜੇ ਵਿਸਥਾਰ ਨਾਲ ਬਿਆਨਿਆ ਗਿਆ ਹੈ। ਇਨ੍ਹਾਂ ਵਾਰਾਂ ਵਿਚ ਉਹ ਸਿੱਖੀ ਦੀ ਪਹਿਚਾਣ ਅਤੇ ਇਸ ਦੇ ਵੱਖ-ਵੱਖ ਗੁਣਾਂ ਬਾਰੇ ਕਈ ਕਿਸਮ ਦੀਆਂ ਦੁਨਿਆਵੀ ਉਦਾਹਰਣਾਂ (ਦ੍ਰਿਸ਼ਟਾਂਤ) ਦੇ ਕੇ ਸਾਨੂੰ ਸਿੱਖੀ ਜੀਵਨ ਦੇ ਬਿਖੜੇ ਮਾਰਗ 'ਤੇ ਸਹੀ ਚੱਲਣ ਦੇ ਢੰਗ ਤਰੀਕੇ ਦੱਸਦੇ ਹਨ। ਉਨ੍ਹਾਂ ਦੀਆਂ ਵਾਰਾਂ ਨੂੰ ਉੱਤਮ ਦਰਜੇ ਦਾ ਕਾਵਿ ਮੰਨਦਿਆਂ ਹੋਇਆਂ ਪੰਜਵੇ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ 'ਗੁਰਬਾਣੀ ਦੀ ਕੁੰਜੀ' ਦਾ ਦਰਜਾ ਦਿੱਤਾ ਹੈ, ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਹੀ ਪਰਿਪੇਖ ਵਿਚ ਸਮਝਣ ਲਈ ਅਤੀ ਸਹਾਈ ਹੁੰਦੀਆਂ ਹਨ।

ਆਪਣੀਆਂ ਵਾਰਾਂ ਵਿਚ ਭਾਈ ਗੁਰਦਾਸ ਜੀ ਸੱਚੇ ਗੁਰੂ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ ਕਹਿੰਦੇ ਹਨ ਕਿ ਉਹ ਸੱਚ ਦਾ ਮਾਰਗ ਦੱਸਦਾ ਹੈ ਅਤੇ ਮਨੁੱਖ ਨੂੰ ਉਸ ਤੋਂ ਸਿੱਖਿਆ ਲੈ ਕੇ ਆਪਣਾ ਜੀਵਨ ਸਫ਼ਲ ਬਨਾਉਣ ਦੀ ਗੱਲ ਕਰਦੇ ਹਨ। ਇਸ ਦੇ ਨਾਲ ਹੀ ਉਹ ਗੁਰਮੁਖ, ਮਨਮੁੱਖ, ਗੁਰੂ ਤੋਂ ਮੂੰਹ ਮੋੜਨ ਵਾਲੇ ਮਨੁੱਖਾਂ ਭਾਵ ਬੇਮੁੱਖਾਂ ਅਤੇ ਗੁਰੂ ਦੀ ਨਿੰਦਾ ਕਰਨ ਵਾਲੇ ਨਿੰਦਕਾਂ ਬਾਰੇ ਵੀ ਵਿਸਥਾਰ ਪੂਰਵਕ ਚਾਨਣਾ ਪਾਉਂਦੇ ਹਨ। ਇਸ ਸੰਖੇਪ ਆਰਟੀਕਲ ਲੇਖ ਵਿਚ ਅਸੀਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਗੁਰਮੁਖ, ਬੇਮੁਖ ਤੇ ਨਿੰਦਕ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ। ਭਾਈ ਗੁਰਦਾਸ ਜੀ ਅਨੁਸਾਰ ਜਿੱਥੇ ਗੁਰਮੁਖ ਜੀਵਨ ਵਿਚ ਹਾਂ-ਪੱਖੀ ਹੁੰਗਾਰੇ ਦਾ ਪ੍ਰਤੀਕ ਹੈ, ਉੱਥੇ ਬੇਮੁੱਖ ਤੇ ਨਿੰਦਕ ਨਾਂਹ-ਪੱਖੀ ਵਰਤਾਰੇ ਦੇ ਸੂਚਕ ਹਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਆਏ ਇਨ੍ਹਾਂ ਦੋਹਾਂ ਪੱਖਾਂ ਨੂੰ ਹੀ ਇਸ ਲੇਖ ਵਿਚ ਵਿਚਾਰਨ ਦਾ ਯਤਨ ਕੀਤਾ ਜਾਏਗਾ।

ਗੁਰਮੁਖ ਦੀ ਗੱਲ ਕਰਦਿਆਂ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰਮੁਖ ਉਸ ਸਮਰੱਥ ਸਰਬ ਸ਼ਕਤੀਮਾਨ ਪ੍ਰਮਾਤਮਾ ਨੂੰ ਹਰ ਵੇਲੇ ਧਿਆਉਂਦਾ ਹੈ ਅਤੇ ਉਹ ਕਦੇ ਵੀ ਦੁਚਿਤੀ ਵਿਚ ਨਹੀਂ ਪੈਂਦਾ। ਉਹ ਉਸ ਦੀ ਭਗਤੀ ਵਿਚ ਆਪਣੇ ਆਪ ਨੂੰ ਭੁਲਾ (ਗਵਾ) ਦਿੰਦਾ ਹੈ ਅਤੇ ਇਸ ਤਰ੍ਹਾਂ ਉਸ ਦੇ ਅੰਦਰਲਾ ਕ੍ਰੋਧ ਨਾਸ ਹੋ ਜਾਂਦਾ ਹੈ। ਉਹ ਆਪਣੇ ਗੁਰੂ ਅਤੇ ਗੁਰੂ ਦੇ ਸਿੱਖਾਂ ਦੀ ਨਿਸ਼ਕਾਮ ਸੇਵਾ ਕਰਦਾ ਹੈ। ਗੁਰੂ ਉਸ ਦੇ ਮਾਤਾ-ਪਿਤਾ ਬਣ ਜਾਂਦੇ ਹਨ ਅਤੇ ਗੁਰਸਿੱਖ ਉਸ ਦੇ ਭੈਣ-ਭਰਾ ਤੇ ਮੀਤ ਹੋ ਜਾਂਦੇ ਹਨ। ਉਸ ਦਾ ਮਨ ਨਿਰਮਲ ਹੋ ਜਾਂਦਾ ਹੈ ਅਤੇ ਉਸ ਦੀ ਦੁਬਿਧਾ ਦੂਰ ਹੋ ਜਾਂਦੀ ਹੈ ਤੇ ਉਹ ਗੁਰੂ ਦੇ ਸ਼ਬਦ ਵਿਚ ਆਪਣੀ ਸੁਰਤ ਨੂੰ ਟਿਕਾਉਂਦਾ ਹੈ। ਇੰਜ, ਉਸ ਦੇ ਜੀਵਨ ਦੀ ਕਾਇਆਕਲਪ ਹੋ ਜਾਂਦੀ ਹੈ ਅਤੇ ਉਹ ਜੀਵਨ ਵਿਚ ਝੂਠ ਬੋਲਣ ਤੇ ਹੋਰ ਮਨੁੱਖੀ ਮਾੜੀਆਂ ਆਦਤਾਂ ਤੋਂ ਦੂਰ ਹੋ ਜਾਂਦਾ ਹੈ।

ਉਹ ਫ਼ਰਮਾਉਂਦੇ ਹਨ:

ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨਾ ਹੋਇ ਦੁਚਿਤਾ।
ਗੁਰਮੁਖਿ ਆਪੁ ਗਵਾਇਆ ਜੀਵਨ ਮੁਕਤਿ ਨ ਤਾਮਸ ਪਿਤਾ।
ਗੁਰ ਉਪਦੇਸ ਅਵੇਸ ਕਰਿ ਸਣੁ ਦੂਤਾ ਵਿਖੜਾ ਗੜੁ ਜਿਤਾ।
ਪੈਰੀ ਪੈ ਪਾਖਾਕੁ ਹੋਇ ਪਾਹੁਨੜਾ ਜਗਿ ਹੋਇ ਅਥਿਤਾ।
ਗੁਰਮੁਖਿ ਸੇਵਾ ਗੁਰ ਸਿਖਾ ਗੁਰਸਿਖ ਮਾ ਪਿਉ ਭਾਈ ਮਿਤਾ।
ਦੁਰਮਤਿ ਦੇਬਧਾ ਦੂਰ ਕਰਿ ਗੁਰਮਤਿ ਸਬਦ ਸੁਰਤਿ ਮਨੁ ਸਿਤਾ।
ਛਡਿ ਕੁਫਕੜੁ ਕੂੜ ਕੁਧਿਤਾ।। (ਵਾਰ -2)

ਗੁਰਮੁਖ ਦੇ ਗੁਣਾਂ ਬਾਰੇ ਹੋਰ ਦੱਸਦਿਆਂ ਭਾਈ ਸਾਹਿਬ ਕਹਿੰਦੇ ਹਨ ਕਿ ਉਹ ਹਉਮੈ ਤੋਂ ਦੂਰ ਰਹਿੰਦਾ ਹੈ। ਉਹ ਉਸ ਮਾਲਕ ਪ੍ਰਮਾਤਮਾ ਦਾ ਭਾਣਾ ਮੰਨਦਾ ਹੈ ਅਤੇ ਨਿਮਾਣਾ ਹੋ ਕੇ ਉਸ ਦੀ ਦਰਗਾਹ ਵਿਚ ਮਾਣ ਸਤਿਕਾਰ ਪਾਉਂਦਾ ਹੈ। ਵਰਤਮਾਨ ਭਾਵ ਅਜੋਕੇ ਸਮੇਂ ਵਿਚ ਜੋ ਵੀ ਵਰਤ ਰਿਹਾ ਹੈ, ਉਹ ਉਸ ਨੂੰ ਪ੍ਰਵਾਨ ਕਰਦਾ ਹੈ। ਉਹ ਮਾਲਕ ਪ੍ਰਮਾਤਮਾ ਇਸ ਦੁਨੀਆਂ ਵਿਚ ਜੋ ਵੀ ਖੇਲ ਵਰਤਾਅ ਰਿਹਾ ਹੈ, ਉਸ ਨੂੰ ਮੰਨਦਿਆਂ ਹੋਇਆਂ ਅਤੇ ਉਸ ਦੀ ਰਜ਼ਾ ਵਿਚ ਰਹਿੰਦਿਆਂ ਹੋਇਆਂ ਆਪਣਾ ਜੀਵਨ ਬਤੀਤ ਕਰਦਾ ਹੈ। ਉਹ ਆਪਣੇ ਆਪ ਨੂੰ ਇਸ ਸੰਸਾਰ ਵਿਚ ਆਇਆ ਹੋਇਆ ਇਕ 'ਮਹਿਮਾਨ' ਸਮਝਦਾ ਹੈ ਅਤੇ ਇਸ ਦੁਨੀਆਂ ਨੂੰ 'ਚੱਲਦੀ ਸਰਾਂ' ਗਰਦਾਨਦਾ ਹੈ। ਉਹ ਪ੍ਰਮਾਤਮਾ ਦੇ ਭਾਣੇ ਵਿਚ ਰਹਿੰਦਾ ਹੈ ਅਤੇ ਉਸ ਵੱਲੋਂ ਮਿਲੀਆਂ ਦਾਤਾਂ ਲਈ ਉਸ ਦਾ ਭਰਪੂਰ ਸ਼ੁਕਰਾਨਾ ਕਰਦਾ ਹੈ। ਉਹ ਉਸ ਕਾਦਰ ਦੀ ਕੁਦਰਤ ਦਾ ਅਨੰਦ ਮਾਣਦਾ ਹੈ ਅਤੇ ਉਸ ਤੋਂ ਕੁਰਬਾਨ ਜਾਂਦਾ ਹੈ।



ਭਾਈ ਸਾਹਿਬ ਜੀ ਦੇ ਆਪਣੇ ਸ਼ਬਦਾਂ ਵਿਚ:

ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
ਰਾਜੀ ਹੋਇ ਰਜਾਇ ਵਿਚਿ ਦੁਨੀਆ ਅੰਦਰਿ ਜਿਉ ਮਿਹਮਾਣਾ।
ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
ਲੇਪ ਅਲੇਪ ਸਦਾ ਨਿਰਬਾਣਾ।। (ਵਾਰ -18)

ਗੁਰਮੁਖ ਭੈ ਵਿਚ ਜੰਮਦਾ ਹੈ ਅਤੇ ਭੈ ਵਿਚ ਰਹਿੰਦਾ ਹੈ। ਉਹ ਸਾਧ ਸੰਗਤ ਵਿਚ ਪੂਰੇ ਭੈ ਨਾਲ ਵਿਚਰਦਾ ਹੈ ਭਗਤੀ ਨੂੰ ਆਪਣਾ ਪਿਆਰ ਬਣਾ ਕੇ ਜੀਵਨ ਵਿਚ ਆਪਣੀ ਚਾਲੇ ਚੱਲਦਿਆਂ ਹੋਇਆਂ ਮਾਇਆਂ ਕੋਲੋਂ ਛਲਿਆ ਨਹੀਂ ਜਾਂਦਾ। ਉਹ ਚਿੱਕੜ (ਗੰਦੇ ਪਾਣੀ) ਵਿਚ ਉੱਗੇ ਹੋਏ ਕੰਵਲ ਦੇ ਫੁੱਲ ਵਾਂਗ ਨਿਰਲੇਪ ਰਹਿੰਦਾ ਹੈ। ਭਾਈ ਸਾਹਿਬ ਗੁਰਮੁਖ ਦੇ ਲਈ ਲੋਹਾਰ ਦੀ ਅਹਿਰਣ ਉੱਪਰ ਚੱਲਣ ਵਾਲੇ ਹਥੌੜੇ, ਬਲਦੀ ਮੋਮਬੱਤੀ ਦੀ ਮੋਮ ਦੇ ਵਾਂਗ ਢਲਣ ਅਤੇ ਦੀਵੇ ਦੀ 'ਵੱਟੀ' (ਬੱਤੀ) ਦੇ ਜਲਣ ਦੀਆਂ ਉਦਾਹਰਣਾਂ ਦਿੰਦੇ ਹੋਏ ਉਸ ਦੀ ਜੀਵਨ-ਜਾਚ ਦੀ ਇਨ੍ਹਾਂ ਦੇ ਗੁਣਾਂ ਨਾਲ ਤੁਲਨਾ ਕਰਦੇ ਹਨ;

ਉਹ ਫਰਮਾਂਉਂਦੇ ਹਨ:

ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚ ਰਹਿਣਾ ਭੈ ਵਿਚਿ ਚਲਣਾ।
ਸਾਧ ਸੰਗਤਿ ਭੈ ਭਾਇ ਵਿਚਿ ਭਗਤ ਵਛਲੁ ਕਰਿ ਅਛਲੁ ਛਲਣਾ।
ਜਲ ਵਿਚਿ ਕਵਲੁ ਅਲਿਪਤਿ ਹੋਇ ਆਸ ਨਿਰਾਸ ਵਲੇਵੈ ਵਲਣਾ।
ਅਹਿਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨਾ ਟਲਣਾ।
ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਗੀ ਢਲਣਾ।
ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ।
ਵਟੀ ਤੇਲ ਦੀਵਾ ਹੋਇ ਬਲਣਾ।। (ਵਾਰ-18)

ਭਾਈ ਗੁਰਦਾਸ ਅਨੁਸਾਰ ਬੇਮੁਖ ਉਹ ਹਨ ਜਿਹੜੇ ਗੁਰੂ ਤੋਂ ਇਲਾਵਾ ਹੋਰ ਕਿਸੇ ਪਾਸੇ ਦੀ ਝਾਕ ਵੀ ਰੱਖਦੇ ਹਨ। ਉਨ੍ਹਾਂ ਦੀ ਉਸ ਇਕ ਪ੍ਰਮਾਤਮਾ ਉੱਪਰ ਟੇਕ ਨਹੀਂ ਹੁੰਦੀ ਅਤੇ ਉਹ ਦੁਚਿਤੀ ਵਿਚ ਰਹਿੰਦੇ ਹਨ। ਵੈਸੇ, ਇਹ ਗੱਲ ਤਾਂ ਸਾਫ਼ ਜ਼ਾਹਿਰ ਹੈ ਕਿ ਜਿਹੜਾ ਮਨੁੱਖ ਬਹੁਤੀ ਥਾਈਂ ਆਸ ਰੱਖਦਾ ਹੈ, ਉਹ ਦੁਖੀ ਹੁੰਦਾ ਹੈ। ਏਸੇ ਤਰ੍ਹਾਂ ਗੁਰੂ ਤੋਂ ਬੇਮੁੱਖ ਹੋਏ ਮਨੁੱਖ ਵੀ ਦੁਖੀ ਹੀ ਹੁੰਦੇ ਹਨ ਅਤੇ ਦੁੱਖਾਂ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਕੁਝ ਨਹੀਂ ਮਿਲਦਾ।

ਬੇਮੁਖ ਸਬੰਧੀ ਭਾਈ ਸਾਹਿਬ ਜੀ ਦਾ ਫ਼ੁਰਮਾਨ ਹੈ:

ਬਹੁਤੀ ਘਰੀ ਪਰਾਹੁਣਾ ਜਿਉ ਰਹਿੰਦਾ ਭੁਖਾ।
ਸਾਂਝਾ ਬਬੁ ਨ ਰੋਈਐ ਚਿਤਿ ਚਿੰਤਿਨਾ ਚੁੱਖਾ।
ਬਹੁਤੀ ਡੂੰਮੀ ਢਢ ਜਿਉ ਓਹ ਕਿਸੈ ਨ ਧੁਖਾ।
ਵਣਿ ਵਣਿ ਕਾਉ ਨਾ ਸੋਹਈ ਕਿਉ ਮਾਣੈ ਸੁਖਾ।
ਜਿਉ ਬਹੁ ਮਿਤੀ ਵੇਸੁਆ ਤਨਿ ਦੇਵਨਿ ਦੁਖਾ।
ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ।। (ਵਾਰ-34)

ਬੇਮੁਖ ਇਸ ਸੰਸਾਰ ਵਿਚ ਚਾਨਣ ਹੋਣ ਦੇ ਬਾਵਜੂਦ ਵੀ ਹਨੇਰੇ ਵਿਚ ਰਹਿੰਦੇ ਹਨ। ਜੇਕਰ ਕਿਸੇ ਬੋਲੇ ਵਿਅੱਕਤੀ ਨੂੰ ਰਾਗ ਸੁਣਾਈ ਨਹੀਂ ਦਿੰਦਾ ਤਾਂ ਇਸ ਦੇ ਨਾਲ ਰਾਗ ਦੀ ਮਹੱਤਤਾ ਘੱਟ ਨਹੀਂ ਜਾਂਦੀ। ਗੁੰਗੇ ਦੀ ਜੀਭ ਜੇਕਰ ਬੋਲਣ ਵਿਚ ਉਸ ਦਾ ਸਾਥ ਨਹੀਂ ਦਿੰਦੀ ਤਾਂ ਇਸ ਦਾ ਇਹ ਭਾਵ ਨਹੀਂ ਕਿ ਉਸ ਦੇ ਵੱਲੋਂ ਬੋਲੇ ਜਾਣ ਵਾਲੇ ਸ਼ਬਦਾਂ ਵਿਚ ਕੋਈ ਘਾਟ ਹੈ। ਏਸੇ ਤਰ੍ਹਾਂ ਜੇ ਬੇਮੁਖ ਗੁਰੂ ਦੀ ਵਡਿਆਈ ਅਤੇ ਸਿੱਖੀ ਦੀ ਉੱਤਮਤਾ ਨੂੰ ਨਹੀਂ ਵੇਖਦੇ ਤਾਂ ਇਹ ਘੱਟਦੀ ਨਹੀਂ, ਇਸ ਵਿਚ ਕੋਈ ਫ਼ਰਕ ਨਹੀਂ ਪੈਂਦਾ, ਸਗੋਂ ਇਹ ਤਾਂ ਓਹੀਓ ਰਹਿੰਦੀ ਹੈ। ਸੁੱਚੇ ਮੋਤੀਆਂ ਦੀ ਭਾਲ ਵਿਚ ਸਮੁੰਦਰ ਵਿਚ ਚੁੱਭੀ ਮਾਰ ਕੇ ਜੇਕਰ ਕੋਈ ਮਨੁੱਖ ਕੌਡੀਆਂ ਕੱਢ ਲਿਆਵੇ ਤਾਂ ਉਸ ਦੀ ਹਾਲਤ ਉੱਪਰ ਤਰਸ ਹੀ ਆਉਂਦਾ ਹੈ।

ਭਾਈ ਗੁਰਦਾਸ ਜੀ ਇਸ ਸਬੰਧੀ ਕਹਿੰਦੇ ਹਨ:

ਅੰਨੈ ਚੰਦ ਨ ਦਿਸਈ ਜਗਿ ਜੋਤਿ ਸਬਾਈ।
ਬੋਲਾ ਰਾਗ ਨ ਸਮਝਈ ਕਿਹ ਘਟਿ ਨ ਜਾਈ।
ਵਾਸ ਨ ਆਵੈ ਗਣਗਣੈ ਪਰਮਲੁ ਮਹਿਕਾਈ।
ਗੁੰਗੈ ਜੀਭ ਨ ਉਘੜੈ ਸਭਿ ਸਬਦਿ ਸੁਹਾਈ।
ਸਤਿਗੁਰ ਸਾਗਰ ਸੇਵਿਕੈ ਨਿਧਿ ਸਭਨਾ ਪਾਈ।
ਬੇਮੁਖ ਹਥਿ ਘੁਟਿਆ ਤਿਸ ਦੋਸੁ ਕਮਾਈ।। (ਵਾਰ-34)

ਇਸ ਦੁਨੀਆਂ ਦਾ ਤਾਂ ਇਹ ਨੇਮ ਹੈ ਕਿ ਜੇਕਰ ਮਨੁੱਖ ਦੀ ਕਿਸੇ ਚੀਜ਼ ਤੱਕ ਪਹੁੰਚ ਨਹੀਂ ਹੈ ਤਾਂ ਉਹ ਉਸ ਨੂੰ ਬੁਰਾ ਭਲਾ ਕਹਿਣ ਲੱਗ ਪੈਂਦਾ ਹੈ। ਉਹ ਉਸ ਵਿਚ ਦੋਸ਼ ਲੱਭਣ ਲੱਗ ਜਾਂਦਾ ਹੈ। ਬੇਮੁਖ ਅਤੇ ਮਨਮੁੱਖ ਜ਼ਿੰਦਗੀ ਦੇ ਉੱਤਮ ਅਸੂਲਾਂ ਨੂੰ ਧਾਰਨ ਨਹੀਂ ਕਰ ਸਕਦੇ। ਆਪਣਾ ਦੋਸ਼ ਮੰਨਣ ਦੀ ਬਜਾਏ ਉਹ ਉਨ੍ਹਾਂ ਅਸੂਲਾਂ ਵਿਚ ਹੀ ਨੁਕਸ ਕੱਢਣੇ ਸ਼ੁਰੂ ਕਰ ਦਿੰਦੇ ਹਨ। ਭਾਈ ਗੁਰਦਾਸ ਜੀ ਹੇਠ ਵਰਨਣ ਉਦਾਹਰਣਾਂ ਨਾਲ ਇਨ੍ਹਾਂ ਮਨੁੱਖਾਂ ਦੀ ਤੁਲਨਾ ਕਰਦੇ ਹਨ:

ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
ਨਚਣੁ ਨਚਿ ਨਾ ਜਾਣਈ ਆਖੈ ਭੁਇ ਸਉੜੀ।
ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।
ਹੰਸਾ ਨਾਲਿ ਟਟੀਹਰੀ ਕਿਉ ਪਹੁੰਚੈ ਦਉੜੀ।
ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ।
ਬੇਮੁਖ ਸੁਖ ਨ ਦੇਖਈ ਜਿਉ ਛੁਟੜਿ ਛਉੜੀ।। (ਵਾਰ-34)

ਗੁਰੂ ਅਤੇ ਸੰਤਾਂ ਦੀ ਨਿੰਦਾ ਕਰਨ ਵਾਲਿਆਂ ਬਾਰੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਸੁਖਮਨੀ ਸਾਹਿਬ ਜੀ ਦੀ ਅੱਠਵੀ ਅਸ਼ਟਪਦੀ ਵਿਚ ਬੜੇ ਵਿਸਥਾਰ ਪੂਰਵਕ ਬਿਆਨ ਕਰਦੇ ਹਨ। ਉਹ ਕਹਿੰਦੇ ਹਨ:

ਸੰਤ ਕਾ ਨਿੰਦਕ ਮਹਾ ਹਤਿਆਰਾ।
ਸੰਤ ਕਾ ਨਿੰਦਕ ਪ੍ਰਮੇਸਰ ਮਾਰਾ।।
ਸੰਤ ਕਾ ਨਿੰਦਕ ਮਹਾ ਹਤਤਾਈ।
ਸੰਤ ਕਾ ਨਿੰਦਕ ਖਿਨੁ ਟਿਕਨੁ ਨਾ ਪਾਈ।।

ਇਹ ਅਸਟਪਦੀ ਕਾਫ਼ੀ ਲੰਮੀ ਚੱਲਦੀ ਹੈ ਅਤੇ ਇਸ ਵਿਚ ਸੰਤ ਦੇ ਨਿੰਦਕ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਜਿਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। ਭਾਈ ਗੁਰਦਾਸ ਜੀ ਇਸ ਦੇ ਬਾਰੇ ਕਹਿੰਦੇ ਹਨ ਕਿ ਘਾਟ ਤਾਂ ਕੋਈ ਨਾ ਕੋਈ ਉਨ੍ਹਾਂ ਮਨੁੱਖ ਦੇ ਆਪਣੇ ਵਿਚ ਹੁੰਦੀ ਹੈ ਅਤੇ ਦੋਸ਼ ਉਹ ਦੂਸਰਿਆਂ ਵਿਚ ਕੱਢਦੇ ਹਨ ਤੇ ਉਨ੍ਹਾਂ ਦੀ ਨਿੰਦਾ ਕਰਦੇ ਹਨ। ਉਹ ਫ਼ਰਮਾਉਂਦੇ ਹਨ ਕਿ ਪੱਤਿਆਂ ਤੋਂ ਰਹਿਤ ਕਦੇ ਵੀ ਨਹੀਂ ਮਉਲਦਾ ਅਤੇ ਦੋਸ਼ ਉਹ ਖ਼ੂਬਸੂਰਤ ਬਹਾਰ ਰੁੱਤ ਨੂੰ ਦਿੰਦਾ ਹੈ। ਏਸੇ ਤਰ੍ਹਾਂ, ਸੰਢ ਜੋ ਅੱਗੋਂ ਬੱਚਿਆਂ ਨੂੰ ਜਨਮ ਨਹੀਂ ਦੇ ਸਕਦੀ, ਉਹ ਦੋਸ਼ ਸੰਢੇ (ਮਾਲੀ) ਵਿਚ ਕੱਢਦੀ ਹੈ। ਕੱਲਰੀ ਭੋਇੰ ਵਿਚ ਕੋਈ ਵੀ ਬਨਸਪਤੀ ਪੈਦਾ ਨਹੀਂ ਹੁੰਦੀ ਭਾਵੇਂ ਕਿੰਨੀ ਵੀ ਬਾਰਸ਼ ਹੋਵੇ ਅਤੇ ਸਮੁੰਦਰ ਵਿਚ ਤਾਂ ਬੇਅੰਤ ਰਤਨ, ਜਵਾਹਰ ਤੇ ਸੁੱਚੇ ਮੋਤੀ ਮੌਜੂਦ ਹਨ ਪਰ ਜਦੋਂ ਉਹ ਕਿਸੇ ਵਿਅੱਕਤੀ ਦੇ ਹੱਥ ਨਹੀਂ ਆਉਂਦੇ ਤਾਂ ਉਹ ਸਮੁੰਦਰ ਨੂੰ ਹੀ ਦੋਸ਼ ਦੇਣ ਲੱਗ ਪੈਂਦਾ ਹੈ।

ਅਪਤੁ ਕਰੀਰ ਨ ਮਉਲੀਐ ਦੇ ਦੋਸੁ ਬਸੰਤੈ।
ਸੰਢਿ ਸਪੁਤੀ ਨਾ ਥਿਐ ਕਣਤਾਵੈ ਕੰਤੈ।
ਕਲਰਿ ਖੇਤੁ ਨਾ ਜੰਮਈ ਘਣਹਰੁ ਵਰਸੰਤੈ।
ਪੰਗਾ ਪਿਛੈ ਚੰਗਿਆ ਅਵਗੁਣ ਗੁਣਵੰਤੈ।
ਸਾਇਰੁ ਵਿਚਿ ਘੰਘੁਟਿਆ ਬਹੁ ਰਤਨ ਅਨੰਤੈ।
ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ।। (ਵਾਰ-35)

ਭਾਈ ਸਾਹਿਬ ਕਹਿੰਦੇ ਹਨ ਕਿ ਨਿੰਦਕ ਦੂਸਰਿਆਂ ਦੇ ਗੁਣ ਵੇਖ ਕੇ ਸਾੜੇ ਦੀ ਅੱਗ ਵਿਚ ਸੜਦਾ ਹੈ ਅਤੇ ਦੁਖੀ ਹੁੰਦਾ ਰਹਿੰਦਾ ਹੈ:

ਸਭਨਾ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ।
ਕੰਨਿ ਤਨਉੜੇ ਕਾਮਣੀ ਬੂੜੀ ਬਰਿੜਾਵੈ।
ਨਥਾਂ ਨਕਿ ਨਵੇਲੀਆਂ ਨਟਕੀ ਨ ਸੁਖਾਵੈ।
ਖਜਲ ਅਖੀ ਹਰਨਾਖੀਆਂ ਕਾਣੀ ਕੁਰਲਾਵੈ।
ਘਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ।। (ਵਾਰ-6)

ਭਾਈ ਸਾਹਿਬ ਕਹਿੰਦੇ ਹਨ ਕਿ ਗੁਰੂ ਦੀ ਨਿੰਦਾ ਦਾ ਬੱਜਰ ਪਾਪ ਕਿਸੇ ਤੀਰਥ ਅਸਥਾਨ 'ਤੇ ਜਾਣ ਨਾਲ ਦੂਰ ਨਹੀਂ ਹੁੰਦਾ, ਸਗੋਂ ਇਹ ਤਾਂ ਕੇਵਲ ਤੇ ਕੇਵਲ ਗੁਰੂ ਨੂੰ ਪ੍ਰੇਮ ਕਰਨ ਨਾਲ ਹੀ ਘੱਟ ਸਕਦਾ ਹੈ:

ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।
ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।
ਘਇਆ ਪਿਰਾਗ ਸਰੁਸਤੀ ਗੋਮਤੀ ਦੁਆਰੇ।
ਝਪੁ ਤਪੁ ਸੰਜਮ ਹੋਮ ਜਗਿ ਸਭ ਦੇਵ ਜੁਹਾਰੇ।
ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।
ਮੂਲਿ ਨ ਉਰੈ ਹਤਿਆ ਬੇਮੁਖੁ ਗੁਰਦ-ਆਰੇ।। (ਵਾਰ-34)

ਇਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਜਿੱਥੇ ਗੁਰਮੁਖ ਦੇ ਉੱਚੇ ਕਿਰਦਾਰ ਦੀ ਭਾਰੀ ਸਰਾਹਣਾ ਕੀਤੀ ਹੈ, ਉੱਥੇ ਉਨ੍ਹਾਂ ਨੇ ਗੁਰੂ ਤੋਂ ਪਾਸਾ ਵੱਟ ਚੁੱਕੇ ਬੇਮੱਖ ਅਤੇ ਗੁਰੂ ਅਤੇ ਸੰਤਾਂ, ਮਹਾਤਮਾ ਦੀ ਨਿੰਦਾ ਕਰਨ ਵਾਲਿਆਂ ਬਾਰੇ ਕਈ ਦੁਨਿਆਵੀ ਉਦਾਹਰਨਾਂ ਦੇ ਕੇ ਉਨ੍ਹਾਂ ਨੂੰ ਛੁਟਿਆਇਆ ਹੈ। ਉਹ ਇਨ੍ਹਾਂ ਵਾਰਾਂ ਵਿਚ ਸਾਨੂੰ ਆਪਣਾ ਜੀਵਨ ਗੁਰਮੁਖ ਦੇ ਵਾਂਗ ਜੀਵਨ ਜਿਉਣ ਦੀ ਪ੍ਰੇਰਨਾ ਕਰਦੇ ਹਨ ਅਤੇ ਉਨ੍ਹਾਂ ਦੀਆਂ ਇਹ ਵਾਰਾਂ ਸਾਡੇ ਲਈ ਚਾਨਣ-ਮੁਨਾਰੇ ਦਾ ਕੰਮ ਕਰਦੀਆਂ ਹਨ।

# ਮੋਦੀ ਦੇ 'ਨਾਸਮਝ' ਭਗਤ ਉਨ੍ਹਾਂ ਨੂੰ ਮੁਕਤੀਦਾਤਾ ਸਮਝਦੇ ਹਨ

-ਆਕਾਰ ਪਟੇਲ-

'ਭਗਤ' ਦਾ ਅਰਥ ਹੈ ਉਪਾਸਕ। ਕੋਈ ਵਿਅਕਤੀ ਕਿਸੇ ਦੇ ਪ੍ਰਤੀ ਬੜਾ ਉਤਸ਼ਾਹ ਦਿਖਾ ਸਕਦਾ ਹੈ। ਪੰਜਾਬੀ ਉਸ ਵਿਅਕਤੀ ਨੂੰ ਪਰਮ ਭਗਤ ਵਾਂਗ ਦਰਸਾਉਂਦੀ ਹੈ ਜੋ ਸ਼ਰਤਹੀਣ ਅਤੇ ਸੱਚੇ ਪ੍ਰੇਮ ਦੀ ਪੇਸ਼ਕਸ਼ ਕਰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੈਰੋਕਾਰਾਂ ਲਈ ਕੁਲ ਮਿਲਾ ਕੇ ਭਗਤ ਸ਼ਬਦ ਪਰਿਭਾਸ਼ਤ ਕੀਤਾ ਜਾਂਦਾ ਹੈ। ਉਹ ਸਮਝਦੇ ਹਨ ਕਿ ਮੋਦੀ ਦਾ ਮਤਲਬ ਤਬਦੀਲੀ ਪੈਦਾ ਕਰੇਗਾ। ਇਸ ਤਰ੍ਹਾਂ ਸੋਚਣ ਵਾਲੇ ਲੋਕ ਭ੍ਰਿਸ਼ਟ ਤੇ ਅਸਮਰੱਥ ਸਿਆਸੀ ਆਗੂਆਂ ਤੋਂ ਆਪਣੇ ਆਪ ਨੂੰ ਵੱਖ ਸਮਝਦੇ ਅਤੇ ਮੰਨਦੇ ਹਨ ਕਿ ਮੋਦੀ ਉਨ੍ਹਾਂ ਨਾਲੋਂ ਅਲੱਗ ਹਨ ਅਤੇ ਉਹ ਸਭ ਕੁਝ ਪਲਟ ਕੇ ਰੱਖ ਦੇਣਗੇ।

ਮੇਰੇ ਸੋਚਣ ਦਾ ਢੰਗ ਵੱਖਰਾ ਹੈ, ਪਰ ਇਹ ਸਾਫ ਨਹੀਂ ਕਿ ਭਗਤੀ ਕੀ ਹੈ? ਭਗਤੀ ਬੁੱਧੀ ਦਾ ਨਹੀਂ, ਸਗੋਂ ਜਨੂੰਨ ਦਾ ਉਤਪਾਦ ਹੈ। ਇਹ ਧਾਰਮਿਕ ਹੈ ਅਤੇ ਧਰਮ ਦੇ ਵਾਂਗ ਇਥੇ ਵੀ ਭਗਤ ਦਾ ਸਬੰਧ ਭੌਤਿਕ ਜਗਤ ਨਾਲ ਨਹੀਂ ਹੈ ਕਿ ਅਸਲੀਅਤ 'ਚ ਕੀ ਹੋਵੇਗਾ। ਸਵਾਲ ਇਹ ਹੈ ਕਿ ਕੀ ਮੋਦੀ ਦੇ ਸਮਰੱਥਕਾਂ ਨੂੰ ਭਗਤਾਂ ਦੇ ਰੂਪ ਵਿੱਚ ਵਰਗੀਕ੍ਰਿਤ ਕਰਨਾ ਉਚਿਤ ਹੈ। ਸਾਨੂੰ ਇਸ ਨੂੰ ਨਿਰਪੱਖ ਤੌਰ 'ਤੇ ਵੇਖਣਾ ਚਾਹੀਦਾ ਹੈ।

ਗੁਜਰਾਤ ਮਾਡਲ ਦੇ ਏਜੰਡੇ 'ਚ ਪਹਿਲਾ ਵਿਸ਼ਾ ਅਰਥ ਵਿਵਸਥਾ ਹੋਣਾ ਸੀ। ਭਾਰਤ ਦੀ ਅਰਥ ਵਿਵਸਥਾ ਇਸ ਸਾਲ ਸੁੰਗੜੇਗੀ। ਇਸ ਦਾ ਅਰਥ ਹੈ ਕਿ 2020-21 'ਚ ਕੁਲ ਘਰੇਲੂ ਉਤਪਾਦ (ਜੀ ਡੀ ਪੀ) ਪਿਛਲੇ ਸਾਲ ਦੇ ਮੁਕਾਬਲੇ ਘੱਟ ਹੋਵੇਗਾ। ਇਹ ਕੁਝ ਅਜਿਹਾ ਹੈ ਜੋ ਚਾਰ ਦਹਾਕਿਆਂ 'ਚ ਨਹੀਂ ਹੋਇਆ ਸੀ। ਸੁੰਗੜਣਾ ਪਿਛਲੀਆਂ ਨੌ ਤਿਮਾਹੀਆਂ ਲਈ ਹਰੇਕ ਤਿਮਾਹੀ ਅਰਥ ਵਿਵਸਥਾ ਦੀ ਲਗਾਤਾਰ ਮੱਠੀ ਰਫ਼ਤਾਰ ਨਾਲ ਹੋਇਆ ਹੈ। 1947 ਦੇ ਬਾਅਦ ਅਜਿਹਾ ਕਦੀ ਨਹੀਂ ਹੋਇਆ। ਇਹ ਸਥਿਤੀ ਲੌਕਡਾਊਨ ਤੋਂ ਪਹਿਲਾਂ ਦੀ ਹੈ।

ਰੇਟਿੰਗ ਏਜੰਸੀ ਮੂਡੀਜ਼ ਨੇ ਭਾਰਤ ਨੂੰ ਵਾਪਸ ਉਸੇ ਥਾਂ ਸੁੱਟਿਆ, ਜਿੱਥੇ ਇਹ 2003 'ਚ ਸੀ। ਇਹ ਸਾਡੀ ਸਾਖ ਅਤੇ ਲਾਗਤ ਨੂੰ ਪ੍ਰਭਾਵਿਤ ਕਰੇਗਾ। ਜਿੱਥੋਂ ਭਾਰਤ ਪੈਸਾ ਜੁਟਾ ਸਕਦਾ ਹੈ, ਉਥੇ ਰਿਪੋਰਟ ਕਾਰਡ 'ਤੇ ਇਹ ਸਿਰਫ ਇੱਕ ਨਿਸ਼ਾਨ ਮਾਤਰ ਨਹੀਂ, ਸਾਨੂੰ ਸਾਰਿਆਂ ਨੂੰ ਇਸ ਦੇ ਲਈ ਭੁਗਤਣਾ ਪਵੇਗਾ। ਸਰਕਾਰ ਦਜੇ ਮੁੱਖ ਆਰਥਿਕ ਸਲਾਹਕਾਰ ਦਾ ਕਹਿਣਾ ਹੈ ਕਿ ਉਹ ਨਹੀਂ ਜਾਣਦੇ ਕਿ ਰਿਕਵਰੀ ਸਾਲ ਦੇ ਦੂਸਰੇ ਹਿੱਸੇ 'ਚ ਹੋਵੇਗੀ ਜਾਂ ਫਿਰ ਅਗਲੇ ਸਾਲ 'ਚ। ਸਾਲ ਦੇ ਸ਼ੁਰੂ 'ਚ ਬੇਰੁਜ਼ਗਾਰੀ ਦੀ ਦਰ 8 ਫੀਸਦੀ ਸੀ, ਜੋ ਭਾਰਤ ਦੇ ਇਤਿਹਾਸ 'ਚ ਸਭ ਤੋਂ ਵਧ ਸੀ। ਇਹ ਸਥਿਤੀ ਲੌਕਡਾਊਨ ਤੋਂ ਪਹਿਲਾਂ ਦੀ ਹੈ। ਅੱਜ ਇਹ ਲਗੱਭਗ 20 ਫੀਸਦੀ ਹੋ ਚੁੱਕੀ ਹੈ। ਸ਼ਨੀਵਾਰ ਨੂੰ ਅਰਥ ਸ਼ਾਸਤਰੀਆਂ ਨੇ ਇੱਕ ਸਿਰਲੇਖ ਦਿੱਤਾ, "ਭਾਰਤ ਦਾ ਲਾਕਡਾਊਨ ਵਾਇਰਸ ਨੂੰ ਰੋਕਣ 'ਚ ਅਸਫਲ ਰਿਹਾ ਹੈ, ਪਰ ਇਹ ਅਰਥ ਵਿਵਸਥਾ ਨੂੰ ਰੋਕਣ 'ਚ ਸਫਲ ਰਿਹਾ ਹੈ।" ਅਰਥ ਸ਼ਾਸਤਰੀ ਮੋਦੀ ਦੇ ਇੰਨੇ ਨੇੜੇ ਹਨ ਕਿ ਉਨ੍ਹਾਂ ਨੇ 2013 'ਚ ਰਿਪੋਰਟ ਦਿੱਤੀ ਸੀ ਕਿ ਉਹ 2014 'ਚ ਉਤਰ ਪ੍ਰਦੇਸ਼ ਤੋਂ ਚੋਣ ਲੜਨਗੇ। ਮੈਂ ਉਦੋਂ ਵੇਖਿਆ ਸੀ ਕਿ ਮੈਂ ਗਲਤ ਸੀ ਕਿ ਮੋਦੀ ਗੁਜਰਾਤ ਤੋਂ ਹੀ ਚੋਣ ਲੜਨਗੇ, ਪਰ ਮੈਂ ਹੀ ਸੀ, ਜੋ ਗਲਤ ਸੀ।

ਏਜੰਡੇ 'ਚ ਦੂਸਰਾ ਵਿਸ਼ਾ ਰਾਸ਼ਟਰਵਾਦ ਸੀ। ਬ੍ਰਿਟਿਸ਼ ਅਖ਼ਬਾਰ 'ਟੈਲੀਗ੍ਰਾਫ' ਨੇ ਬੀਤੇ ਦਿਨੀਂ ਖੁਲਾਸਾ ਕੀਤਾ ਕਿ ਭਾਰਤ 'ਚ ਹਰ ਕੋਈ ਜਾਣਦਾ ਹੈ ਕਿ ਇਸ 'ਤੇ ਚਰਚਾ ਨਹੀਂ ਹੋ ਸਕਦੀ। ਚੀਨ ਨੇ ਲੱਦਾਖ ਦੇ 60 ਵਰਗ ਕਿਲੋਮੀਟਰ ਇਲਾਕੇ 'ਤੇ ਕਬਜ਼ਾ ਕਰ ਲਿਆ। ਫ੍ਰਾਂਸੀਸੀ ਨਿਊਜ਼ ਏਜੰਸੀ ਏ ਐਫ ਪੀ ਨੂੰ ਇਸ ਇਲਾਕੇ 'ਚ ਇੱਕ ਸੀਨੀਅਰ ਬੇਨਾਮ ਭਾਰਤੀ ਫੌਜੀ ਅਧਿਕਾਰੀ ਨੇ ਉਸ ਸਥਾਨ ਤੋਂ ਕਿਹਾ ਕਿ ਚੀਨੀ ਪੇਗੋਂਗ ਅਤੇ ਗੈਲਵਾਨ ਘਾਟੀ ਦੋਵਾਂ 'ਚ ਆਪਣੇ ਨਵੇਂ ਕਬਜ਼ੇ ਵਾਲੀਆਂ ਥਾਵਾਂ ਤੋਂ ਵਾਪਸ ਜਾਣ ਤੋਂ ਨਾਂਹ ਕਰ ਰਹੇ ਹਨ। ਉਹ ਨਵੀਂ ਜਿਉਂ ਦੀ ਤਿਉਂ ਸਥਿਤੀ ਨੂੰ ਮਜ਼ਬੂਤ ਕਰ ਰਹੇ ਹਨ। ਸ਼ਨੀਵਾਰ ਨੂੰ ਜਾਗਿਆ ਤਾਂ ਹੈਡਲਾਈਨ ਪੜ੍ਹੀ ਕਿ ਜਿਸ ਵਿੱਚ ਲਿਖਿਆ ਸੀ, "ਕੁਲਗਾਮ ਅਤੇ ਅਨੰਤਨਾਗ ਵਿੱਚ ਚਾਰ ਅੱਤਵਾਦੀ ਮਾਰੇ ਗਏ, ਮੁਕਾਬਲਾ ਚੱਲ ਰਿਹਾ ਹੈ।" ਹਫ਼ਤੇ 'ਚ ਇਹ ਚੌਥੀ ਵਾਰ ਸੀ, ਜਦੋਂ ਏਦਾਂ ਹੋਇਆ ਸੀ। ਕਸ਼ਮੀਰ 'ਚ 2002 'ਚ ਸ਼ੁਰੂ ਅਤੇ 2014 'ਚ ਹੇਠਾਂ ਤੱਕ ਲੋਕਾਂ ਦੀਆਂ ਜਾਨਲੇਵਾ ਘਟਨਾਵਾਂ 'ਚ ਵੱਡੀ ਗਿਰਾਵਟ ਆਈ ਹੈ ਪਰ ਘਾਟੀ 'ਚ ਫਿਰ ਤੋਂ ਹਿੰਸਾ ਜਾਰੀ ਹੈ। ਇਸ ਦਰਮਿਆਨ ਇੱਕ ਵੀ ਕਸ਼ਮੀਰੀ ਪੰਡਿਤ ਘਾਟੀ 'ਚ ਵਾਪਸ ਨਹੀਂ ਪਰਤਿਆ।

ਪਾਕਿਸਤਾਨ ਦੇ ਨਾਲ ਕੰਟਰੋਲ ਰੇਖਾ ਜਿੱਥੇ ਇੱਕ ਪਾਸੇ ਬਣੀ ਹੈ, ਉਥੇ ਚੀਨ ਨੇ ਅਸਲ ਕੰਟ੍ਰੋਲ ਰੇਖਾ ਨੂੰ ਪਾਰ ਕਰ ਲਿਆ ਹੈ। ਇਹ ਐਲਾਨ ਕਰਨ ਦੇ ਬਾਅਦ ਕਿ ਭਾਰਤ ਉਨ੍ਹਾਂ ਦੀ ਅਗਵਾਈ 'ਚ ਕੋਰੋਨਾ ਵਾਇਰਸ ਦੇ ਵਿਰੁੱਧ ਮਹਾਭਰਤ ਦਾ ਯੁੱਧ ਲੜੇਗਾ ਜੋ ਤਿੰਨ ਹਫ਼ਤਿਆਂ ਤੱਕ ਚੱਲੇਗਾ, ਮੋਦੀ ਇਸ ਗੱਲ 'ਤੇ ਚੁੱਪ ਹੋ ਗਏ ਕਿ ਲੜਾਈ ਦਾ ਅਗਲਾ ਪੜਾਅ ਕੀ ਹੋਵੇਗਾ। ਲਾਕਡਾਊਨ ਖ਼ਤਮ ਹੋ ਗਿਆ ਅਤੇ ਕੇਸ ਵਧ ਰਹੇ ਹਨ। ਜਿਵੇਂ ਪਹਿਲਾਂ ਵੀ ਲਿਖਿਆ ਹੈ ਕਿ ਮੋਦੀ ਦੀ ਅਗਵਾਈ 'ਚ ਗੁਜਰਾਤ ਨੇ ਸਿਹਤ ਸੇਵਾ ਅਤੇ ਸਿੱਖਿਆ ਦੀ ਅਣਦੇਖੀ ਕੀਤੀ। ਅੱਜ ਗੁਜਰਾਤ ਵਿੱਚ ਕੇਰਲ ਦੇ ਮੁਕਾਬਲੇ 10 ਗੁਣਾ ਜ਼ਿਆਦਾ ਕੋਰੋਨਾ ਦੇ ਮਾਮਲੇ ਹਨ। ਇਸ ਦੌਰਾਨ ਜਿਵੇਂ ਕਿ ਭਾਰਤ ਦੀ ਗਿਰਾਵਟ ਦੀ ਅਸਲੀਅਤ ਤੋਂ ਮੋਦੀ ਬੇਖਬਰ ਹਨ।

ਫਿਰ ਵੀ ਉਹ ਲਗਾਤਾਰ ਹੀ ਸਿਆਸੀ ਖੇਡ-ਖੇਡ ਰਹੇ ਹਨ। ਕੋਰੋਨਾ ਮਹਾਮਾਰੀ ਦੇ ਦੌਰਾਨ ਮੱਧ ਪ੍ਰਦੇਸ਼ ਚੋਟੀ 'ਤੇ ਸੀ ਅਤੇ ਅੱਜ ਰਾਜਸਥਾਨ ਖਰੀਦੋ-ਫਰੋਖਤ ਦਾ ਮਾਮਲਾ ਦੇਖਿਆ ਜਾ ਸਕਦਾ ਹੈ। ਸਿਆਸੀ ਸੱਤਾ 'ਤੇ ਕਬਜ਼ਾ ਕਰਨਾ ਇੱਕ ਮਾਤਰ ਟੀਚਾ ਪ੍ਰਾਪਤ ਹੋ ਰਿਹਾ ਹੈ। ਛੇ ਸਾਲਾਂ ਬਾਅਦ ਮੋਦੀ ਦੀ ਅਗਵਾਈ 'ਚ ਭਾਰਤ ਦੀ ਅਸਲੀਅਤ ਇਹੀ ਹੈ। ਯਕੀਨਨ ਤੌਰ 'ਤੇ ਇੱਕ ਮਸੀਹਾ ਨੇਤਾ ਲਈ ਚਮਤਕਾਰ ਦਿਖਾਉਣ ਦਾ ਢੁੱਕਵਾਂ ਸਮਾਂ ਹੈ, ਜੇ ਕੋਰੋਨਾ ਨੇ ਇਸ ਨੂੰ ਉਤਪੰਨ ਨਾ ਕੀਤਾ। ਇਹ ਸੋਚਿਆ ਜਾਵੇਗਾ ਕਿ ਏਦਾਂ ਕਰਨ ਦੀ ਸਮਰੱਥਾ ਉਨ੍ਹਾਂ 'ਚ ਕਦੀ ਨਹੀਂ ਸੀ। ਕਈ ਲੋਕ ਲੰਮੇ ਸਮੇਂ ਤੋਂ ਇਹੀ ਗੱਲ ਕਰ ਰਹੇ ਹਨ। ਉਨ੍ਹਾਂ ਦਾ ਖਿਆਲ ਗਲਤ ਸੀ ਅਤੇ ਉਨ੍ਹਾਂ ਦੇ ਇਲਾਜ ਬਿਮਾਰੀ ਤੋਂ ਭੈੜੇ ਸਾਬਤ ਹੋਏ।

ਦਿਲਚਸਪ ਗੱਲ ਇਹ ਹੈ ਕਿ ਇਸ ਨਾਲ ਮੋਦੀ ਦੇ ਸਮਰੱਥਕਾਂ 'ਤੇ ਕੋਈ ਫਰਕ ਨਹੀਂ ਪਿਆ। ਉਹ ਤਾਂ ਉਨ੍ਹਾਂ ਦੀ ਅਰਾਧਨਾ ਵਿੱਚ ਮਗਨ ਹਨ। ਮੋਦੀ ਦੀ ਅਗਵਾਈ ਵਿੱਚ ਭਾਰਤ ਨੂੰ ਅਸਲੀ, ਠੋਸ, ਸੱਚਮੁੱਚ ਨੁਕਸਾਨ ਹੋਇਆ ਹੈ। ਇਸਦੇ ਲਈ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਜਾਣਾ ਹੈ। ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਅਸਲ 'ਚ ਭਗਤਾਂ ਨੂੰ ਭਗਤ ਕਹਿਣਾ ਬਿਲਕੁਲ ਸਹੀ ਹੈ। ਮਤਲਬ ਉਹੀ ਮੋਦੀ ਦੇ ਨਾਸਮਝ ਭਗਤ ਹਨ।

# ਰਾਜਨੀਤੀ ਵਿੱਚ ਪਰਵਾਰਵਾਦ ਦਾ ਗਲਬਾ

-ਦੀਪਕ ਜਲੰਧਰੀ

ਮਸ਼ਹੂਰ ਲੇਖਕ ਸਟੀਫਨਹੇਸ ਦੀ ਇੱਕ ਕਿਤਾਬ 'ਅਮੇਰੀਕਾਜ਼ ਪੋਲੀਟੀਕਲ ਡਾਇਨੈਸਟੀਜ਼' ਵਿੱਚ ਲਿਖਿਆ ਗਿਆ ਹੈ ਕਿ ਰਾਜਨੀਤਕ ਘਰਾਣੇ ਹਰ ਜਗ੍ਹਾ, ਹਰ ਆਕਾਰ-ਪ੍ਰਕਾਰ ਤੇ ਰੰਗਾਂ ਵਿੱਚ ਮਿਲਦੇ ਹਨ । ਇਸ ਕਿਤਾਬ ਨੂੰ ਪੜ੍ਹਨ ਵਾਲਾ ਇਹ ਸੋਚਣ ਲੱਗਦਾ ਹੈ ਕਿ ਸਟੀਫਨ ਹੇਸ ਵਰਗਾ ਲੇਖਕ ਭਾਰਤੀ ਰਾਜਨੀਤੀ ਵਿੱਚ ਵੰਸ਼ਵਾਦ ਦੇ ਵਧੇ ਪ੍ਰਭਾਵ ਬਾਰੇ ਲਿਖੇ ਤਾਂ ਗੱਲ ਕਿੱਥੋਂ ਸ਼ੁਰੂ ਕਰੇਗਾ? ਭਾਰਤੀ ਰਾਜਨੀਤੀ ਵਿੱਚ ਵੰਸ਼ਵਾਦ ਪੱਕੇ ਤੌਰ 'ਤੇ ਪੈਰ ਜਮਾ ਚੁੱਕਾ ਹੈ। ਪ੍ਰਾਂਤਕ ਦਲਾਂ ਦੀ ਗੱਲ ਕਰੀਏ ਤਾਂ ਪਰਵਾਰਵਾਦ ਉਨ੍ਹਾਂ ਦੀ ਮਜ਼ਬੂਰੀ ਹੋ ਸਕਦਾ ਕਿਉਂਕਿ ਪ੍ਰਾਂਤਕ ਸਿਆਸੀ ਪਾਰਟੀਆਂ ਦੇ ਨੇਤਾ ਪੂਰੀ ਤਰ੍ਹਾਂ ਕਿਸੇ ਪਾਰਟੀ ਨੂੰ ਆਪਣੀ ਛੱਤਰ ਛਾਇਆ ਹੇਠ ਬਣਾਈ ਰੱਖਦੇ ਹਨ। ਉਹ ਲੋਕਤੰਤਰ ਦੀ ਥਾਂ ਪਰਵਾਰ ਦਾ ਤੰਤਰ ਪੱਕਿਆਂ ਕਰਨ ਲੱਗੇ ਰਹਿੰਦੇ ਹਨ। ਸਭ ਤੋਂ ਪਹਿਲਾਂ ਅਸੀਂ ਰਾਸ਼ਟਰੀ ਦਲਾਂ ਬਾਰੇ ਗੱਲ ਕਰਨੀ ਚਾਹਾਂਗੇ।

ਰਾਸ਼ਟਰੀ ਦਲਾਂ 'ਚੋਂ ਸਭ ਤੋਂ ਪੁਰਾਣਾ ਦਲ ਕਾਂਗਰਸ ਹੈ ਜਿਸ ਨੂੰ ਆਜ਼ਾਦੀ-ਸੰਘਰਸ਼ ਤੋਂ ਲੈ ਕੇ ਅੱਜ ਤੱਕ ਇੱਕ ਸੌ ਪੈਂਤੀ ਵਰ੍ਹੇ ਹੋ ਚੁੱਕੇ ਹਨ। ਇਸ ਪਾਰਟੀ ਵਿੱਚ ਨਹਿਰੂ-ਗਾਂਧੀ ਦਾ ਦਬਦਬਾ ਕਈ ਦਹਾਕਿਆਂ ਤੱਕ ਬਣਿਆ ਰਿਹਾ, ਜੋ ਉਸੇ ਹਾਲਤ ਵਿੱਚ ਅੱਜ ਵੀ ਹੈ। ਕਾਂਗਰਸ ਦੇ ਸੱਤ ਪ੍ਰਧਾਨ ਇਸੇ ਪਰਵਾਰ 'ਚੋਂ ਹੋਏ ਹਨ। ਇਸੇ ਪਰਵਾਰ ਵਿੱਚੋਂ ਦੇਸ਼ ਨੂੰ ਤਿੰਨ ਪ੍ਰਧਾਨ ਮੰਤਰੀ ਮਿਲੇ। ਕਾਂਗਰਸ ਦੇ ਇਨ੍ਹਾਂ ਤਿੰਨ ਪ੍ਰਧਾਨ ਮੰਤਰੀਆਂ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਸ਼ਾਮਲ ਨੇ ਲਗਭਗ ਸੈਂਤੀ ਵਰ੍ਹੇ ਦੇਸ਼ ਉੱਤੇ ਰਾਜ ਕੀਤਾ। ਭਾਰਤੀ ਰਾਜਨੀਤੀ ਵਿੱਚ ਆਪਣਾ ਪੂਰੀ ਤਰ੍ਹਾਂ ਦਬਦਬਾ ਬਣਾਈ ਰੱਖਣ ਲਈ ਨਹਿਰੂ ਗਾਂਧੀ ਪਰਵਾਰ ਨੇ ਭਾਰਤੀ ਲੋਕਤੰਤਰ ਨੂੰ ਨੌਂ ਪਾਰਲੀਮੈਂਟ ਮੈਂਬਰ ਦਿੱਤੇ ਜਿਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਸੰਜੇ ਗਾਂਧੀ, ਅਰੁਣ ਨਹਿਰੂ, ਸੋਨੀਆ ਗਾਂਧੀ, ਮੇਨਕਾ ਗਾਂਧੀ, ਰਾਹੁਲ ਗਾਂਧੀ ਅਤੇ ਵਰੁਣ ਗਾਂਧੀ ਹਨ। ਇਹ ਰਾਜਨੀਤਕ ਪਰਵਾਰ ਉਸੇ ਡਗਰ 'ਤੇ ਚੱਲ ਰਿਹਾ ਹੈ ਜਿਸ ਤਰ੍ਹਾਂ ਉਦਯੋਗਿਕ ਘਰਾਣੇ ਜਾਂ ਪੇਸ਼ੇਵਰ ਪਰਵਾਰ ਵੰਸ਼-ਦਰ-ਵੰਸ਼ ਚਲਦੇ ਹਨ। ਇਥੇ ਅਸੀਂ ਨਰਸਿਮਹਾ ਰਾਓ ਅਤੇ ਡਾਕਟਰ ਮਨਮੋਹਨ ਸਿੰਘ ਦਾ ਜ਼ਿਕਰ ਨਹੀਂ ਕਰ ਰਹੇ ਕਿਉਂਕਿ ਇਹ ਦੋਵੇਂ ਭਾਵੇਂ ਕਾਂਗਰਸ ਦੇ ਵਫਾਦਾਰ ਨੇਤਾ ਰਹੇ ਤੇ ਪ੍ਰਧਾਨ ਮੰਤਰੀ ਵੀ ਬਣੇ, ਪਰ ਇਹ ਨਹਿਰੂ-ਗਾਂਧੀ ਪਰਵਾਰ ਵਿੱਚੋਂ ਨਹੀਂ ਸਨ।

ਸੋਨੀਆ ਗਾਂਧੀ ਨੇ ਰਾਹੁਲ ਅਤੇ ਪ੍ਰਿਅੰਕਾ ਨਾਲ ਗੁਜਰਾਤ ਦੀਆਂ ਚੋਣਾਂ ਵਿੱਚ ਪਹਿਲੀ ਵਾਰ ਜਨ ਸਭਾ ਨੂੰ ਸੰਬੋਧਨ ਕੀਤਾ ਸੀ, ਜਿਸ ਵਿੱਚ ਉਨ੍ਹਾਂ ਦੇ ਬੋਲਣ ਦੀ ਸ਼ੈਲੀ ਲੋਕਾਂ ਨੂੰ ਪਸੰਦ ਆਈ, ਪਰ ਸਮਰਥਨ ਨਹੀਂ ਮਿਲਿਆ। ਸੋਨੀਆ ਗਾਂਧੀ ਨੇ ਇੱਕ ਵਾਰ ਪਾਰਲੀਮੈਂਟ ਵਿੱਚ ਬੋਲਦੇ ਹੋਏ ਇਹ ਵੀ ਕਿਹਾ ਸੀ ਕਿ ਵਿਰੋਧੀ ਪਾਰਟੀਆਂ ਦੇ ਲੋਕ ਉਨ੍ਹਾਂ ਦਾ ਮਖੌਲ ਉਡਾ ਸਕਦੇ ਹਨ, ਪਰ ਉਨ੍ਹਾਂ ਦੀਆਂ ਭਾਵਨਾਵਾਂ ਦਾ ਨਹੀ। ਸਾਡੇ ਦੇਸ਼ ਵਿੱਚ ਸਿਆਸਤ ਵਿੱਚ ਪਰਵਾਰਵਾਦ ਦਾ ਹੋਣਾ ਅਣਹੋਣੀ ਘਟਨਾ ਨਹੀਂ। ਮੁਗਲ ਸ਼ਾਸਕਾਂ ਵਿੱਚ ਪੁਸ਼ਤ-ਦਰ-ਪੁਸ਼ਤ ਰਾਜ ਕਰਨ ਦੀ ਲਾਲਸਾ ਪ੍ਰਬਲ ਰਹੀ ਹੈ। ਅਜਿਹਾ ਹੀ ਕਈ ਰਾਜਨੀਤਕ ਪਾਰਟੀਆਂ ਵਿੱਚ ਵਿਖਾਈ ਦਿੰਦਾ ਹੈ। ਬੰਬਈ ਦੇ ਛਨਮੁਖਾਨੰਦ ਹਾਲ ਵਿੱਚ ਭਾਸ਼ਣ ਕਰਦੇ ਹੋਏ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਨਹਿਰੂ ਪਰਵਾਰ ਸ਼ਾਹੀ ਪਰਵਾਰ ਹੈ।

ਇਹ ਜਾਣਨਾ ਦਿਲਚਸਪ ਹੈ ਕਿ ਦੇਸ਼ ਵਿੱਚ ਲਗਭਗ 50-60 ਸਿਆਸੀ ਕੁਨਬੇ ਅਜਿਹੇ ਹਨ ਜਿਨ੍ਹਾਂ ਦੇ ਮੁਖੀ ਜਾਂ ਵੰਸ਼ਜ਼ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਅਤੇ ਕੱਛ ਤੋਂ ਸ਼ਿਲਾਂਗ ਤੱਕ ਵੱਖ-ਵੱਖ ਦਲਾਂ ਦੀ ਅਗਵਾਈ ਕਰ ਰਹੇ ਹਨ ਜਾਂ ਨੇਤਾਗਿਰੀ ਸਾਂਭਣ ਲਈ ਪਰ ਤੋਲ ਰਹੇ ਹਨ। ਲੋਕਤੰਤਰ ਵਿੱਚ ਪਰਵਾਰਵਾਦ ਦੀ ਇਹ ਵੇਲ ਵੱਧ-ਫੁੱਲ ਰਹੀ ਹੈ। ਜਿਨ੍ਹਾਂ ਨੇਤਾਵਾਂ ਦੀ ਆਪਣੀ ਕੋਈ ਸੰਤਾਨ ਨਹੀਂ ਜਾਂ ਜਿਹੜੇ ਅਣਵਿਆਹੇ ਹਨ, ਉਹ ਰਿਸ਼ਤੇਦਾਰੀ 'ਚੋਂ ਭਾਈ-ਭਤੀਜਾਵਾਦ ਦੀ ਗੰਢ ਚੁੱਕੀ ਫਿਰਦੇ ਹਨ। ਇਨ੍ਹਾਂ ਸਿਆਸੀ ਪਾਰਟੀਆਂ ਦੇ ਸਮਰਪਿਤ ਕਾਰਕੁਨ ਮੂੰਹ ਤੱਕਦੇ ਰਹਿ ਜਾਂਦੇ ਹਨ। ਉਪਰੋਂ ਕੋਈ ਵਾਰਸ ਪਾਰਟੀ ਦਾ ਮੁਖੀ ਬਣ ਕੇ ਆ ਜਾਂਦਾ ਹੈ। ਹੋ ਸਕਦਾ ਹੈ ਕਿ ਇਸ ਦੇ ਪਿੱਛੇ ਇਹ ਕਾਰਨ ਹੋਵੇ ਜਿਸ ਅਨੁਸਾਰ ਇਨ੍ਹਾਂ ਦਲਾਂ ਨੂੰ ਆਪਣੀ ਮਾਰਕੀਟਿੰਗ ਕਰਨ ਲਈ ਸੁਖਾਲਾ-ਰਾਹ ਲੱਭਦਾ ਹੋਵੇ। ਜਿਵੇਂ ਨਹਿਰੂ-ਗਾਂਧੀ ਪਰਵਾਰ ਬਹੁਤ ਆਸਾਨੀ ਨਾਲ ਜਨ ਸਾਧਾਰਨ ਤੱਕ ਪੁੱਜ ਜਾਂਦਾ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਕਾਂਗਰਸ ਵਿੱਚ ਕੁਝ ਹੋਰ ਲੋਕ ਪ੍ਰਧਾਨ ਮੰਤਰੀ ਨਹੀਂ ਬਣੇ, ਪਰ ਗੱਲ ਜੇ ਕਾਮਰਾਜ ਦੀ ਕਰੀਏ ਜਾਂ ਸੀਤਾਰਾਮ ਕੇਸਰੀ ਦੀ, ਉਨ੍ਹਾਂ ਦੇ ਪੈਰਾਂ ਹੇਠ ਅੰਗਿਆਰ ਹੀ ਵਿਛੇ।।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਪਿੱਛੋਂ ਨਹਿਰੂ, ਗਾਂਧੀ ਪਰਵਾਰ ਤੋਂ ਹਟ ਕੇ ਜਿਹੜਾ ਵੀ ਪਾਰਟੀ ਪ੍ਰਧਾਨ ਬਣਿਆ ਉਹ ਸੌਖਾ ਨਹੀਂ ਰਿਹਾ। ਕੁਝ ਹੋਰ ਦਲਾਂ ਦੇ ਪਰਵਾਰਾਂ ਵਿੱਚੋਂ ਮੁਸਲਿਮ ਕਾਨਫਰੰਸ, ਜੋ ਪਿੱਛੋਂ ਨੈਸ਼ਨਲ ਕਾਨਫਰੰਸ ਦੇ ਨਾਂਅ ਨਾਲ ਮਸ਼ਹੂਰ ਹੋਈ, ਕਸ਼ਮੀਰ ਵਿੱਚ ਹਾਵੀ ਰਹੀ। ਉਸ ਦੇ ਸਰਵੇ-ਸਰਵਾ ਸ਼ੇਖ਼ ਅਬਦੁੱਲਾ, ਫਾਰੂਕ ਅਬਦੁੱਲਾ ਅਤੇ ਫਿਰ ਉਮਰ ਅਬਦੁੱਲਾ ਰਹੇ। ਇਸੇ ਤਰ੍ਹਾਂ ਘਾਟੀ ਵਿੱਚ ਮੁਫਤੀ ਮੁਹੰਮਦ ਸਈਦ ਅਤੇ ਉਸ ਦੀ ਬੇਟੀ ਮਹਿਬੂਬਾ ਮੁਫਤੀ ਜੰਮੂ-ਕਸ਼ਮੀਰ ਵਿੱਚ ਸ਼ਾਸਕ ਵੀ ਬਣੇ ਅਤੇ ਪਾਰਲੀਮੈਂਟ ਮੈਂਬਰ ਵੀ ਰਹੇ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਸਿੰਧੀਆ ਪਰਵਾਰ ਦਾ ਬੋਲਬਾਲਾ ਜਨਸੰਘ ਅਤੇ ਫਿਰ ਭਾਰਤੀ ਜਨਤਾ ਪਾਰਟੀ 'ਤੇ ਬਣਿਆ ਰਿਹਾ। ਰਾਜ ਮਾਤਾ ਵਿਜੈ ਰਾਜੇ ਸਿੰਧੀਆ ਕਈ ਸਾਲਾਂ ਤੱਕ ਜਨਸੰਘ ਤੇ ਭਾਜਪਾ ਦੀ ਰਾਸ਼ਟਰੀ ਉਪ ਪ੍ਰਧਾਨ ਰਹੀ। ਉਸ ਦਾ ਬੇਟਾ ਮਾਧਵ ਰਾਓ ਸਿੰਧੀਆ ਪਹਿਲੀ ਵਾਰ ਜਨਸੰਘ ਦੇ ਸਮਰਥਨ ਨਾਲ ਪਾਰਲੀਮੈਂਟ ਮੈਂਬਰ ਬਣਿਆ। ਉਸ ਪਿੱਛੋਂ ਉਹ ਕਾਂਗਰਸ ਵਿੱਚ ਚਲਾ ਗਿਆ। ਰਾਜ ਮਾਤਾ ਦੀ ਬੇਟੀ ਵਸੁੰਧਰਾ ਰਾਜੇ ਸਿੰਧੀਆ ਰਾਜਸਥਾਨ ਦੀ ਮੁੱਖ ਮੰਤਰੀ ਰਹੀ ਹੈ ਅਤੇ ਦੂਸਰੀ ਬੇਟੀ ਯਸ਼ੋਧਰਾ ਰਾਜੇ ਸਿੰਧੀਆ ਕਈ ਵਾਰ ਵਿਧਾਇਕ ਚੁਣੀ ਗਈ। ਜਿਓਤਿਰਦਿਤਿਆ ਸਿੰਧੀਆ ਕਈ ਸਾਲ ਕਾਂਗਰਸ ਵਿੱਚ ਰਹਿਣ ਪਿੱਛੋਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਿਆ ਹੈ। ਵਸੁੰਧਰਾ ਰਾਜੇ ਸਿੰਧੀਆ ਦਾ ਬੇਟਾ ਦੁਸ਼ਿਅੰਤ ਸਿੰਘ ਰਾਜਸਥਾਨ ਤੋਂ ਲੋਕ ਸਭਾ ਦਾ ਮੈਂਬਰ ਹੈ।

ਪੰਜਾਬ ਦੀ ਸਿਆਸਤ ਵਿੱਚ ਬਾਦਲ ਪਰਵਾਰ ਦਾ ਬੋਲਬਾਲਾ ਕਾਇਮ ਹੈ। ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦਾ ਬੇਟਾ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੈ ਤੇ ਸੁਖਬੀਰ ਦੀ ਪਤਨੀ ਹਰਸਿਮ-ਰਤ ਕੌਰ ਬਾਦਲ ਕੇਂਦਰ ਸਰਕਾਰ ਵਿੱਚ ਕੈਬਨਿਟ ਮੰਤਰੀ ਹੈ। ਹਰਸਿਮਰਤ ਕੌਰ ਬਾਦਲ ਦਾ ਭਰਾ ਬਿਕਰਮ ਸਿੰਘ ਮਜੀਠੀਆ ਪੰਜਾਬ ਦਾ ਵਜ਼ੀਰ ਰਹਿ ਚੁੱਕਾ ਹੈ ਤੇ ਮੌਜੂਦਾ ਸਮੇਂ ਵਿਧਾਇਕ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਵੀ ਵਿੱਤ ਮੰਤਰੀ ਰਿਹਾ ਤੇ ਅੱਜ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿੱਚ ਮੁੜ ਵਿੱਤ ਮੰਤਰੀ ਹੈ। ਪ੍ਰਕਾਸ਼ ਸਿੰਘ ਬਾਦਲ ਦਾ ਜਵਾਈ ਆਦੇਸ਼ ਪ੍ਰਤਾਪ ਕੈਰੋਂ ਵੀ ਪੰਜਾਬ ਵਿੱਚ ਮੰਤਰੀ ਰਿਹਾ। ਏਦਾਂ ਲੱਗਦਾ ਹੈ ਕਿ ਸਾਡੇ ਦੇਸ਼ ਦੀ ਰਾਜਨੀਤੀ ਪਰਵਾਰਵਾਦ ਦੇ ਭਰੋਸੇ ਹੀ ਚੱਲ ਰਹੀ ਹੈ।

ਬਿਹਾਰ ਵਿੱਚ ਲਾਲੂ ਪ੍ਰਸਾਦ ਯਾਦਵ, ਉਸ ਦੀ ਪਤਨੀ ਰਾਬੜੀ ਦੇਵੀ, ਦੋ ਬੇਟੇ ਤੇਜ ਪ੍ਰਤਾਪ ਯਾਦਵ ਅਤੇ ਤੇਜਸੱਵੀ ਯਾਦਵ, ਰਾਬੜੀ ਦੇਵੀ ਦੇ ਭਰਾ ਸਾਧੂ ਯਾਦਵ ਤੇ ਸੁਭਾਸ਼ ਯਾਦਵ ਬਿਹਾਰ ਦੀ ਰਾਜਨੀਤੀ ਵਿੱਚ ਭਾਰੂ ਰਹੇ ਹਨ। ਲੋਕ ਜਨ ਸ਼ਕਤੀ ਪਾਰਟੀ ਦੇ ਮੁਖੀ ਰਾਮ ਵਿਲਾਸ ਪਾਸਵਾਨ ਅਤੇ ਉਨ੍ਹਾਂ ਦਾ ਪਾਰਲੀਮੈਂਟ ਮੈਂਬਰ ਪੁੱਤਰ ਚਿਰਾਗ ਪਾਸਵਾਨ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਵੀ ਬਿਹਾਰ ਦੀ ਦਲਿਤ ਰਾਜਨੀਤੀ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾ ਰਹੇ ਹਨ। ਉਤਰ ਪ੍ਰਦੇਸ਼ ਦੀ ਗੱਲ ਕਰੀਏ ਤਾਂ ਮੁਲਾਇਮ ਸਿੰਘ ਯਾਦਵ, ਅਖਿਲੇਸ਼ ਯਾਦਵ ਤੇ ਉਨ੍ਹਾਂ ਦਾ ਸਾਰਾ ਪਰਵਾਰ ਰਾਜਨੀਤੀ 'ਤੇ ਛਾਇਆ ਹੋਇਆ ਹੈ। ਇਸੇ ਤਰ੍ਹਾਂ ਹਰਿਆਣਾ ਵਿੱਚ ਚੌਧਰੀ, ਆਸਾਮ ਦਾ ਪ੍ਰਫੁੱਲ ਕੁਮਾਰ ਮੋਂਹਤੇ ਪਰਵਾਰ, ਝਾਰਖੰਡ ਦਾ ਸ਼ਿਬੂ ਸੋਰੇਨ ਪਰਵਾਰ, ਤਾਮਿਲ ਨਾਡੂ ਦਾ ਕਰੁਣਾਨਿਧੀ ਪਰਵਾਰ, ਕੇਰਲ ਦਾ ਕਰੁਣਾਕਰਨ ਪਰਵਾਰ, ਮੱਧ ਪ੍ਰਦੇਸ਼ ਵਿੱਚ ਦਿਗਵਿਜੈ ਪਰਵਾਰ, ਮਹਾਰਾਸ਼ਟਰ ਵਿੱਚ ਬਾਲ ਠਾਕਰੇ ਪਰਵਾਰ ਤੇ ਸ਼ਰਦ ਪਵਾਰ ਰਾਜਨੀਤੀ ਦੇ ਅਖਾੜੇ ਵਿੱਚ ਬਹੁਤ ਸਾਰੇ ਪਰਵਾਰਾਂ ਦੇ ਨਾਂਅ ਲਿਖੇ ਹਨ ਜਿਨ੍ਹਾਂ ਵਿੱਚ ਪਿਤਾ ਪਾਰਲੀਮੈਂਟ ਬਣਿਆ ਅਤੇ ਬੇਟਾ ਵਿਧਾਇਕ। ਭਾਵ ਕਿ ਉਹ ਕੇਂਦਰ ਅਤੇ ਰਾਜ ਸਰਕਾਰ 'ਤੇ ਆਪਣੀ ਪਕੜ ਬਣਾਈ ਰੱਖਦੇ ਹਨ। ਜੇ ਸਾਰੇ ਨਾਵਾਂ ਦਾ ਵਰਨਣ ਕਰਨ ਲੱਗੀਏ ਤਾਂ ਇੱਕ ਗ੍ਰੰਥ ਲਿਖਿਆ ਜਾ ਸਕਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਭਾਰਤੀ ਰਾਜਨੀਤੀ ਵਿੱਚ ਪਰਵਾਰਵਾਦ ਕੌੜੀ ਵੇਲ ਵਾਂਗ ਵੱਧ-ਫੁੱਲ ਰਿਹਾ ਹੈ। ਪਾਰਟੀਆਂ ਜਾਂ ਦਲ ਬ੍ਰਿਖ ਹਨ ਅਤੇ ਇਹ ਪਰਵਾਰ ਕੌੜੀ ਵੇਲ ਜਿਹੜੇ ਕਿ ਬ੍ਰਿਖ ਦਾ ਰਸ ਚੂਸ ਕੇ ਪਨਪਦੇ ਰਹੇ ਹਨ।

# 60,000 ਦੇ ਕੇ ਕਰਵਾਈ ਆਪਣੀ ਹੱਤਿਆ ਕਰਾਈ, ਪਰਿਵਾਰ ਨੂੰ ਬੀਮੇ ਦੇ ਪੈਸੇ ਨਹੀਂ ਮਿਲੇ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਵਿੱਤੀ ਸੰਕਟ ਦੇ ਕਾਰਨ ਦਿੱਲੀ ਦਟ ਇੱਕ ਵਿਅਕਤੀ ਨੇ ਆਪਣੀ ਹੱਤਿਆ ਦੀ ਸਾਜਿਸ਼ ਰਚੀ ਤਾਂ ਕਿ ਉਸ ਦੇ ਪਰਵਾਰ ਨੂੰ ਬੀਮਾ ਦਾ ਪੈਸਾ ਮਿਲ ਸਕੇ ਪਰ ਪੁਲਸ ਨੇ ਲਾਸ਼ ਮਿਲਣ ਦੇ ਪੰਜ ਦਿਨ ਬਾਅਦ ਘਟਨਾ ਦਾ ਪਦਾਰਫਾਸ਼ ਕਰ ਦਿੱਤਾ। ਉਸ ਨੇ ਇਸ ਘਟਨਾ ਲਈ ਇੱਕ ਨਬਾਲਿਗ ਲੜਕੇ ਨੂੰ ਤਿਆਰ ਕੀਤਾ ਸੀ।

ਇਸ ਸੰਬੰਧ ਵਿੱਚ ਪੁਲਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਬੰਸਲ ਦੇ ਬੀਮੇ ਸਹੀ ਰਾਸ਼ੀ ਦਾ ਅਜੇ ਪਤਾ ਨਹੀਂ ਲੱਗ ਸਕੀ, ਪਰ ਇਹ 10 ਲੱਖ ਰੁਪਏ ਤੋਂ ਜ਼ਿਆਦਾ ਹੋ ਸਕਦੀ ਹੈ। ਪੁਲਸ ਨੇ ਦੱਸਿਆ ਕਿ ਗੌਰਵ ਬੰਸਲ ਨਾਮ ਦਾ ਇਹ ਵਿਅਕਤੀ ਆਈ ਪੀ ਐਕਸਟੈਂਸ਼ਨ ਦੇ ਆਰੀਆ ਨਗਰ 'ਚ ਆਪਣੀ ਪਤਨੀ ਅਤੇ ਬੱਚਿਆਂ ਨਾਲ ਰਹਿੰਦਾ ਸੀ। ਉਹ ਰਾਸ਼ਨ ਦੀ ਦੁਕਾਨ ਚਲਾਉਂਦਾ ਸੀ ਅਤੇ ਵਿੱਤੀ ਸੰਕਟ ਵਿੱਚ ਫਸਿਆ ਸੀ। ਬੰਸਲ ਨੇ ਆਪਣੀ ਹੱਤਿਆ ਲਈ 60 ਹਜ਼ਾਰ ਰੁਪਏ ਦਿੱਤੇ, ਜਿਸ ਨੂੰ ਚਾਰ ਦੋਸ਼ੀਆਂ ਨੇ ਆਪਸ 'ਚ ਵੰਡ ਲਿਆ। 10 ਜੂਨ ਨੂੰ ਬੰਸਲ ਦੀ ਲਾਸ਼ ਬਾਹਰੀ ਦਿੱਲੀ ਦੇ ਨਜ਼ਫਗੜ੍ਹ ਇਲਾਕੇ 'ਚ ਖੇੜੀ ਬਾਬਾ ਪੁੱਲ ਦੇ ਕੋਲ ਇੱਕ ਦਰਖ਼ਤ ਤੋਂ ਲਟਕੀ ਮਿਲੀ। ਉਸ ਦੇ ਹੱਥ ਬੰਨ੍ਹੇ ਹੋਏ ਸਨ। ਪੁਲਸ ਨੇ ਹੱਤਿਆ ਦਾ ਕੇਸ ਦਰਜ ਕਰਨ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਅਤੇ 18 ਸਾਲਾ ਸੂਰਜ ਨਾਮ ਦੇ ਲੜਕੇ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨੇ ਆਪਣਾ ਦੋਸ਼ ਮੰਨ ਲਿਆ। ਉਸ ਨੇ ਘਟਨਾ 'ਚ ਮਨੋਜ ਕੁਮਾਰ ਯਾਦਵ (21) ਅਤੇ ਸੁਮਿਤ (26) ਦੇ ਸ਼ਾਮਲ ਹੋਣ ਬਾਰੇ ਵੀ ਦੱਸਿਆ। ਉਤਮ ਨਗਰ ਦੇ ਮੋਹਨ ਗਾਰਡਨ ਦੇ ਇਨ੍ਹਾਂ ਤਿੰਨ੍ਹਾਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੂਰਜ ਨੇ ਪੁਲਸ ਨੂੰ ਦੱਸਿਆ ਕਿ ਬੰਸਲ ਦੇ ਸੰਪਰਕ 'ਚ ਰਹੇ ਇੱਕ ਨਬਾਲਿਗ ਲੜਕੇ ਨੇ ਉਸ ਤੋਂ ਇਸ ਘਟਨਾ ਲਈ ਮਦਦ ਮੰਗੀ ਸੀ। ਨਬਾਲਿਗ ਲੜਕੇ ਨੇ ਦੱਸਿਆ ਕਿ ਬੰਸਲ ਨੇ ਆਪਣੇ ਕਤਲ ਲਈ ਉਸ ਨੂੰ ਤਿਆਰ ਕੀਤਾ ਸੀ। ਬੰਸਲ ਨੇ ਦੋਸ਼ੀਆਂ ਨੂੰ ਕਿਹਾ ਸੀ ਕਿ ਜੇ ਉਹ ਉਸ ਨੂੰ ਮਾਰ ਦਿੰਦੇ ਹਨ ਤਾਂ ਉਸ ਦੇ ਪਰਵਾਰ ਨੂੰ ਬੀਮੇ ਦੀ ਰਾਸ਼ੀ ਮਿਲ ਜਾਵੇਗੀ।

# ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਵੱਢ ਸੁੱਟਿਆ

ਨੰਗਲ, 16 ਜੂਨ (ਪੋਸਟ ਬਿਊਰੋ)- ਪਿੰਡ ਮਲੂਕਪੁਰ ਵਿਖੇ ਕੱਲ੍ਹ ਰਾਤ ਇੱਕ 27 ਸਾਲੋ ਨੌਜਵਾਨ ਨੂੰ ਅਣਪਛਾਤੇ ਬੰਦਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਸਖਤ ਜ਼ਖਮੀ ਕਰ ਦਿੱਤਾ, ਜਿਸ ਦੀ ਪਿੱਛੋਂ ਹਸਪਤਾਲ ਵਿੱਚ ਮੌਤ ਹੋ ਗਈ। ਨੌਜਵਾਨ ਦਾ ਨਾਂਅ ਲਖਵਿੰਦਰ ਸਿੰਘ ਲੱਕੀ ਦੱਸਿਆ ਜਾ ਰਿਹਾ ਹੈ। ਊਨਾ, ਹਿਮਾਚਲ ਪ੍ਰਦੇਸ਼ ਦੀ ਪੁਲਸ ਨੂੰ ਨੌਜਵਾਨ ਦੀ ਹੱਤਿਆ ਦੀ ਸੂਚਨਾ ਉਸ ਦੀ ਮੌਤ ਤੋਂ ਬਾਅਦ ਪੀ ਜੀ ਆਈ ਦੇ ਅਧਿਕਾਰੀਆਂ ਨੇ ਫੋਨ 'ਤੇ ਦਿੱਤੀ।

ਚੰਡੀਗੜ੍ਹ ਪੀ ਜੀ ਆਈ ਤੋਂ ਮਿਲੀ ਸੂਚਨਾ ਤੋਂ ਬਾਅਦ ਪੁਲਸ ਨੇ ਪੀ ਜੀ ਆਈ ਪੁੱਜ ਕੇ ਲੱਕੀ ਦੀ ਮ੍ਰਿਤਕ ਦੇਹ ਨੂੰ ਕਬਜ਼ੇ ਵਿੱਚ ਲੈ ਲਿਆ। ਪੁਲਸ ਨੇ ਘਟਨਾ ਦੇ ਸੰਬੰਧ ਵਿੱਚ ਅਣਪਛਾਤੇ ਲੋਕਾਂ ਦੇ ਵਿਰੁੱਧ ਧਾਰਾ 302 ਦੇ ਤਹਿਤ ਮਾਮਲਾ ਦਰਜ ਕਰਦੇ ਹੋਏ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐੱਸ ਪੀ ਊਨਾ ਕਾਰਤੀਕੇਨ ਗੋਕੁਲ ਚੰਦਰਨ ਅਤੇ ਏ ਐੱਸ ਪੀ ਵਿਨੋਦ ਕੁਮਾਰ ਧੀਮਾਨ ਨੇ ਮੌਕੇ ਉੱਤੇ ਜਾ ਕੇ ਘਟਨਾ ਦਾ ਜਾਇਜ਼ਾ ਲਿਆ। ਇਸ ਬਾਰੇ ਏ ਐੱਸ ਪੀ ਊਨਾ ਵਿਨੋਦ ਕੁਮਾਰ ਧੀਮਾਨ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਰਾਤ ਦੀ ਹੈ। ਨੌਜਵਾਨ ਦੇ ਮੂੰਹ ਅਤੇ ਪੇਟ ਉੱਤੇ ਅਣਪਛਾਤੇ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਸਨ, ਜਿਸ ਪਿੱਛੋਂ ਜ਼ਖਮੀ ਹਾਲਤ ਵਿੱਚ ਲੱਕੀ ਨੂੰ ਉਸ ਦੇ ਪਰਵਾਰਕ ਮੈਂਬਰ ਨੰਗਲ ਦੇ ਬੀ ਬੀ ਐੱਮ ਬੀ ਹਸਪਾਤਲ ਲੈ ਗਏ, ਉਥੇ ਉਸ ਦੀ ਨਾਜ਼ੁਕ ਹਾਲਤ ਕਾਰਨ ਉਸ ਨੂੰ ਪੀ ਜੀ ਆਈ ਰੈਫਰ ਕਰ ਦਿੱਤਾ ਗਿਆ, ਪਰ ਪੀ ਜੀ ਆਈ ਵਿੱਚ ਇਲਾਜ ਦੌਰਾਨ ਲੱਕੀ ਦੀ ਮੌਤ ਹੋ ਗਈ।

# ਫੌਜੀ ਅਧਿਕਾਰੀਆਂ ਨੂੰ ਫਸਾ ਕੇ ਗੁਪਤ ਜਾਣਕਾਰੀਆਂ ਕੱਢਵਾਉਂਦੀ ਰਹੀ ਲਸ਼ਕਰ ਦੀ ਅੱਤਵਾਦਣ




ਕੋਲਕਾਤਾ, 16 ਜੂਨ (ਪੋਸਟ ਬਿਊਰੋ)- ਹਨੀ ਟ੍ਰੈਪ ਦੇ ਜ਼ਰੀਏ ਫੌਜ ਅਤੇ ਸੁਰੱਖਿਆ ਨਾਲ ਜੁੜੇ ਅਧਿਕਾਰੀਆਂ ਨੂੰ ਆਪਣੇ ਜਾਲ 'ਚ ਫਸਾ ਕੇ ਖੁਫੀਆ ਜਾਣਕਾਰੀ ਇਕੱਠੀ ਕਰਨ ਅਤੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਲਈ ਨਵੇਂ ਜਵਾਨ ਭਰਤੀ ਕਰਨ ਵਾਲੀ ਸ਼ੱਕੀ ਅੱਤਵਾਦੀ ਤਾਨੀਆ ਪਰਵੀਨ ਨੂੰ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਹਿਰਾਸਤ 'ਚ ਲੈ ਲਿਆ ਅਤੇ ਅਗਲੀ ਜਾਂਚ-ਪੜਤਾਲ ਕੀਤੀ ਜਾ ਰਹੀ ਹੈ।

ਐਨ ਆਈ ਏ ਨੇ ਦੱਸਿਆ ਕਿ ਤਾਨੀਆ ਦੇ ਕਬਜੇ ਤੋਂ ਇੱਕ ਲੈਪਟਾਪ, ਮੋਬਾਇਲ ਫੋਨ ਤੇ ਕਈ ਦਸਤਾਵੇਜ਼ ਮਿਲੇ ਸਨ। ਇਸ ਦੀ ਜਾਂਚ ਵਿੱਚ ਪਤਾ ਲੱਗਾ ਕਿ ਉਹ ਖੁਫੀਆ ਜਾਣਕਾਰੀਆਂ ਇਕੱਠੀਆਂ ਕਰ ਕੇ ਅੱਤਵਾਦੀ ਸੰਗਠਨ ਨੂੰ ਭੇਜਦੀ ਸੀ। ਉਹ ਪਾਕਿਸਤਾਨ ਵਿਚਲੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਨਾਲ ਜੁੜੀ ਹੈ ਅਤੇ ਪਾਕਿਸਤਾਨ ਦੇ ਵਟਸਐਪ ਨੰਬਰ ਦੀ ਵਰਤੋਂ ਕਰਦੀ ਹੈ ਅਤੇ ਪਾਕਿਸਤਾਨ ਅਤੇ ਕਈ ਹੋਰ ਦੇਸ਼ਾਂ ਦੇ ਕਈ ਵਟਸਐਪ ਗਰੁੱਪ ਦਾ ਹਿੱਸਾ ਹੈ। ਉਸ ਕੋਲੋ ਫੌਜ ਨਾਲ ਜੁੜੀਆਂ ਗੁਪਤ ਜਾਣਕਾਰੀਆਂ ਦੇ ਕਈ ਦਸਤਾਵੇਜ਼ ਵੀ ਮਿਲੇ ਹਨ। ਇਹ ਵੀ ਪਤਾ ਲੱਗਾ ਹੈ ਕਿ ਕਰਫਿਊ ਅਤੇ ਇੰਟਰਨੈਟ ਬਲਾਕੇਡ ਦੇ ਬਾਵਜੂਦ ਪਰਵੀਨ ਪਾਕਿਸਤਾਨ ਅਤੇ ਕਸ਼ਮੀਰ ਮੈਸੇਜ ਭੇਜਦੀ ਸੀ।

ਕੋਲਕਾਤਾ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਨੇ ਇਸ ਸਾਲ 18 ਮਾਰਚ ਨੂੰ ਉਤਰੀ 24 ਪਰਗਨਾ ਜ਼ਿਲ੍ਹੇ ਦੇ ਬਾਦੁਰੀਆ ਤੋਂ ਪਹਿਲੀ ਮਹਿਲਾ ਸ਼ੱਕੀ ਅੱਤਵਾਦੀ ਤਾਨੀਆ ਪਰਵੀਨ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਤੋਂ ਪੁੱਛਗਿੱਛ ਤੋਂ ਬਾਅਦ ਉਸ ਨੂੰ ਦਮਦਮ ਸੈਂਟਰਲ ਜੇਲ ਵਿੱਚ ਸਖ਼ਤ ਸੁਰੱਖਿਆ 'ਚ ਰੱਖਿਆ ਗਿਆ ਸੀ। ਐਨ ਆਈ ਏ ਨੇ ਬੈਂਕਸ਼ਾਲ ਕੋਰਟ ਵਿੱਚ ਐਨ ਆਈ ਏ ਅਦਾਲਤ 'ਚ ਤਾਨੀਆ ਦੇ ਰਿਮਾਂਡ ਬਾਰੇ ਅਰਜ਼ੀ ਦਿੱਤੀ। ਕੋਰਟ ਨੇ ਤਾਨੀਆ ਨੂੰ ਐਨ ਆਈ ਏ ਦੀ ਹਿਰਾਸਤ 'ਚ ਭੇਜ ਦਿੱਤਾ। ਸੂਤਰਾਂ ਮੁਤਾਬਕ ਤਾਨੀਆ ਤੋਂ ਲਸ਼ਕਰ-ਏ-ਤੋਇਬਾ ਨਾਲ ਜੁੜੀ ਕਾਫ਼ੀ ਜਾਣਕਾਰੀ ਮਿਲ ਸਕਦੀ ਹੈ ਜਿਸ ਦਾ ਖੁਲਾਸਾ ਉਸ ਨੇ ਹੁਣ ਤੱਕ ਨਹੀਂ ਕੀਤਾ ਹੈ।

# ਭਾਰਤ ਸਰਕਾਰ ਦੇ ਮੁਲਾਜ਼ਮਾਂ ਦੀ ਤਨਖਾਹ ਮਾਰਚ 2021 ਤੱਕ ਨਹੀਂ ਵਧੇਗੀ



ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਸਮਾਂ ਮੁਸ਼ਕਲਾਂ ਵਧਾ ਰਿਹਾ ਹੈ। ਇਸ ਕਾਰਨ ਭਾਰਤ ਦੀ ਅਰਥ ਵਿਵਸਥਾ ਨੂੰ ਵੀ ਡੂੰਘੀ ਸੱਟ ਲੱਗੀ ਹੈ, ਪਰ ਇਸ ਦਾ ਅਸਰ ਮੁਲਾਜ਼ਮਾਂ ਦੀ ਤਨਖਾਹ 'ਤੇ ਵੀ ਪਿਆ ਹੈ। ਪ੍ਰਾਈਵੇਟ ਸੈਕਟਰ ਵਿੱਚ ਤਾਂ ਲੋਕਾਂ ਨੂੰ ਨੌਕਰੀ ਤੋਂ ਹੱਥ ਧੋਣਾ ਪੈ ਰਿਹਾ ਹੈ, ਕੇਂਦਰੀ ਮੁਲਾਜ਼ਮਾਂ ਦੀ ਤਨਖਾਹ ਬਾਰੇ ਵੱਡੀ ਖਬਰ ਆਈ ਹੈ ਕਿ ਉਨ੍ਹਾ ਨੂੰ ਆਪਣੇ ਐਨੂਅਲ ਅਪ੍ਰੇਜ਼ਲ ਯਾਨੀ ਇੰਕ੍ਰੀਮੈਂਟ ਲਈ ਅਗਲੇ ਸਾਲ ਤੱਕ ਰੁਕਣਾ ਪਵੇਗਾ।

ਅਸਲ ਵਿੱਚ ਕੇਂਦਰ ਸਰਕਾਰ ਨੇ 2019-20 ਲਈ ਕੇਂਦਰੀ ਮੁਲਾਜ਼ਮਾਂ ਦੇ ਐਨੂਅਲ ਪ੍ਰਫਾਰਮੈਂਸ ਅਸੈਸਮੈਂਟ ਦੀ ਰਿਪੋਰਟ ਲਈ ਤਰੀਕ ਮਾਰਚ 2021 ਤੱਕ ਵਧਾ ਦਿੱਤੀ ਹੈ। ਇਸ ਤੋਂ ਤੈਅ ਹੋ ਗਿਆ ਕਿ ਅਗਲੇ ਸਾਲ ਮਾਰਚ ਤੋਂ ਪਹਿਲਾਂ ਅਪ੍ਰੇਜ਼ਲ ਪ੍ਰਕਿਰਿਆ ਨਹੀਂ ਹੋਵੇਗੀ ਤੇ ਉਸ ਤੋਂ ਬਾਅਦ ਹੀ ਇੰਕ੍ਰੀਮੈਂਟ ਲੱਗੇਗਾ। ਵਰਨਣ ਯੋਗ ਹੈ ਕਿ ਡਿਪਾਰਟਮੈਂਟ ਆਫ ਪਰਸੋਨਲ ਟਰੇਨਿੰਗ ਨੇ ਇੱਕ ਆਰਡਰ ਜਾਰੀ ਕੀਤਾ ਹੈ, ਜਿਸ ਵਿੱਚ ਸਾਫ ਕੀਤਾ ਹੈ ਕਿ ਕੋਰੋਨਾ ਵਾਇਰਸ ਦੀ ਮੌਜੂਦਾ ਹਾਲਤ ਕਾਰਨ 2019-20 ਲਈ ਵਾਧੇ ਦੀ ਪ੍ਰਕਿਰਿਆ ਦਸੰਬਰ 2020 ਤੋਂ ਵਧਾ ਕੇ ਮਾਰਚ 2021 ਕਰ ਦਿੱਤੀ ਗਈ ਹੈ। ਇਸ ਨਾਲ ਇੰਕ੍ਰੀਮੈਂਟ ਲਈ ਮੁਲਾਜ਼ਮਾਂ ਨੂੰ ਇੰਤਜ਼ਾਰ ਕਰਨਾ ਹੋਵੇਗਾ। ਸਰਕਾਰ ਦੇ ਇਸ ਫੈਸਲੇ ਨਾਲ ਗਰੁੱਪ ਏ, ਬੀ ਤੇ ਸੀ ਦੇ ਅਧਿਕਾਰੀ-ਮੁਲਾਜ਼ਮ ਪ੍ਰਭਾਵਤ ਹੋਣਗੇ। ਇਸ ਪ੍ਰਕਿਰਿਆ ਵਿੱਚ ਸਭ ਤੋਂ ਪਹਿਲਾਂ ਮੁਲਾਜ਼ਮ ਸੈਲਫ ਅਪ੍ਰੇਜ਼ਲ ਫਾਰਮ ਭਰ ਕੇ ਰਿਪੋਰਟਿੰਗ ਅਫਸਰ ਨੂੰ ਦੇਂਦਾ ਹੈ। ਫਿਰ ਇਹ ਰਿਪੋਰਟ ਰਿਵਿਊਇੰਗ ਅਫਸਰ ਕੋਲ ਜਾਂਦੀ ਹੈ। ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਦੇ ਬਾਅਦ ਫਾਰਮ ਸੈਲ ਕੋਲ ਜਾਂਦਾ ਹੈ। ਫਿਰ ਇਥੇ ਅਪ੍ਰੇਜ਼ਲ ਦੀ ਪ੍ਰਕਿਰਿਆ ਪੂਰੀ ਹੁੰਦੀ ਹੈ।

# ਮਨੀ ਲਾਂਡਰਿੰਗ ਕੇਸ ਵਿੱਚ ਮੋਹਾਲੀ ਦੀ ਫਰਮ ਖਿਲਾਫ ਦੋਸ਼ ਪੱਤਰ ਦਾਇਰ

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮੋਹਾਲੀ ਦੀ ਇੱਕ ਕੰਪਨੀ ਅਤੇ ਉਸ ਦੇ ਡਾਇਰੈਕਟਰਾਂ ਦੇ ਖਿਲਾਫ ਮਨੀ ਲਾਂਡਰਿੰਗ ਦੇ ਇੱਕ ਕੇਸ ਵਿੱਚ ਦੋਸ਼ ਪੱਤਰ ਦਾਇਰ ਕੀਤੇ ਹਨ। ਇਸ ਕੰਪਨੀ 'ਤੇ ਜਾਅਲੀ ਸਰਕਾਰੀ ਮੋਹਰ ਅਤੇ ਸਟੈਂਪ ਰੱਖਣ ਦਾ ਦੋਸ਼ ਹੈ।

ਕੱਲ੍ਹ ਏਥੇ ਈ ਡੀ ਅਧਿਕਾਰੀਆਂ ਨੇ ਦੱਸਿਆ ਕਿ ਸੀਬਰਡ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਅਤੇ ਇਸ ਦੇ ਡਾਇਰੈਕਟਰ ਪ੍ਰੀਤਪਾਲ ਸਿੰਘ ਤੇ ਗੁਰਿੰਦਰ ਸਿੰਘ ਦੇ ਖਿਲਾਫ ਪੰਜਾਬ 'ਚ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਲਈ ਵਿਸ਼ੇਸ਼ ਅਦਾਲਤ ਸਾਹਮਣੇ ਦੋਸ਼ ਪੱਤਰ ਦਾਖਲ ਕੀਤਾ ਗਿਆ ਹੈ। ਈ ਡੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਜਾਂਚ ਏਜੰਸੀ ਨੇ ਇਸ ਤੋਂ ਪਹਿਲਾਂ ਦੋਵਾਂ ਦੀ 6.93 ਕਰੋੜ ਰੁਪਏ ਦੀ ਜਾਇਦਾਦ ਵੀ ਅਟੈਚ ਕੀਤੀ ਸੀ। ਮੋਹਾਲੀ ਪੁਲਸ ਵੱਲੋਂ ਸਰਕਾਰੀ ਏਜੰਸੀਆਂ ਦੀ ਜਾਅਲੀ ਸੀਲ, ਮੋਹਰ ਤੇ ਇੱਕ ਜਰਮਨ ਬੰਦੂਕ ਦੀ ਬਰਾਮਦਗੀ ਲਈ 2017 'ਚ ਦੋ ਕੇਸ ਦਰਜ ਕੀਤੇ ਜਾਣ ਮਗਰੋਂ ਈ ਡੀ ਨੇ ਪੀ ਐੱਮ ਐੱਲ ਏ ਦਾ ਕੇਸ ਦਰਜ ਕੀਤਾ ਸੀ। ਜਾਂਚ ਵਿੱਚ ਪਤਾ ਲੱਗਾ ਕਿ ਪ੍ਰੀਤਪਾਲ ਸਿੰਘ ਤੇ ਗੁਰਿੰਦਰ ਸਿੰਘ ਵਿਦੇਸ਼ੀ ਅਦਾਰਿਆਂ ਦੇ ਮਾਪਦੰਡਾਂ ਮੁਤਾਬਕ ਵੀਜ਼ੇ ਦੇ ਚਾਹਵਾਨਾਂ ਦੇ ਫਰਜ਼ੀ ਵਿਦਿਅਕ ਤੇ ਵਿੱਤੀ ਦਸਤਾਵੇਜ਼ ਤਿਆਰ ਕਰਦੇ ਸਨ। ਵੀਜ਼ਾ ਲੈਣ ਇਨ੍ਹਾਂ ਦਸਤਾਵੇਜ਼ਾਂ ਨੂੰ ਵਿਦੇਸ਼ੀ ਦੂਤਘਰਾਂ ਨੂੰ ਸੌਂਪ ਦਿੱਤਾ ਜਾਂਦਾ ਸੀ। ਏਜੰਸੀ ਨੇ ਦਾਅਵਾ ਕੀਤਾ ਕਿ ਜਾਂਚ 'ਚ ਪਾਇਆ ਗਿਆ ਕਿ ਵਿਦਿਆਥੀਆਂ ਨੂੰ ਵੀਜ਼ਾ ਦਿਵਾਉਣ ਲਈ ਸੌਂਪੇ ਗਏ ਵੱਖ-ਵੱਖ ਦਸਤਾਵੇਜ਼ਾਂ ਵਿੱਚ ਵਿਦਿਅਕ ਦਸਤਾਵੇਜ਼, ਬੈਂਕ ਦੇ ਫਿਕਸਿਡ ਡਿਪਾਜ਼ਿਟ, ਖੇਤੀ ਤੋਂ ਆਮਦਨੀ ਦੇ ਪ੍ਰਮਾਣ ਪੱਤਰ ਤੇ ਵੋਟਰ ਆਈ ਡੀ ਕਾਰਡ ਜਾਅਲੀ ਸੀ।

# ਡੇਢ ਲੱਖ ਵਾਹਨ ਵੇਚਣ ਦੀ ਇਜਾਜ਼ਤ ਮਿਲੀ, 2,55,000 ਕਿਉਂ ਵੇਚ ਦਿੱਤੇ?

ਨਵੀਂ ਦਿੱਲੀ, 16 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪਰਦੂਸ਼ਣ ਸਟੈਂਡਰਡ ਬੀ ਐਸ-4 ਵਾਹਨਾਂ ਦੀ ਬਿਕਰੀ ਅਤੇ ਰਜਿਸਟਰੇਸ਼ਨ ਵਿੱਚ ਛੋਟ ਦੇ ਉਲੰਘਣ ਬਾਰੇ ਫੈਡਰੇਸ਼ਨ ਆਫ ਆਟੋਮੈਟਿਕ ਡੀਲਰਸ ਐਸੋਸੇਸਿਏਸ਼ਨ (ਫਾਡਾ) ਨੂੰ ਕੱਲ੍ਹ ਕੜੀ ਫਟਕਾਰ ਲਾਈ ਹੈ। ਇਸ ਬਾਰੇ ਕਾਰਵਾਈ ਅਜੇ ਜਾਰੀ ਹੈ।

ਜਸਟਿਸ ਅਰੁਣ ਮਿਸ਼ਰਾ ਦੀ ਪ੍ਰਧਾਨਗੀ ਵਾਲੀ ਡਵੀਜ਼ਨ ਬੈਂਚ ਨੇ ਕਿਹਾ ਹੈ ਕਿ ਜਦ ਅਦਾਲਤ ਨੇ 31 ਮਾਰਚ ਦੇ ਬਾਅਦ ਸਿਰਫ ਬੀ ਐਸ-4 ਵਾਹਨਾਂ ਦੀ ਵਿਕਰੀ ਦੀ ਇਜਾਜ਼ਤ ਦਿੱਤੀ ਸੀ ਤਾਂ ਵੱਧ ਵਾਹਨ ਕਿਉਂ ਵੇਚੇ ਗਏ? ਅਦਾਲਤ ਨੇ ਕਿਹਾ ਕਿ ਬੀ ਐਸ-4 ਵਾਹਨਾਂ ਦੀ ਵਿਕਰੀ ਅਤੇ ਰਜਿਸਟਰੇਸ਼ਨ ਦੀ ਛੋਟ ਬਾਰੇ ਆਦੇਸ਼ ਦਾ ਆਟੋਮੋਬਾਇਲ ਡੀਲਰਾਂ ਨੇ ਸਪੱਸ਼ਟ ਉਲੰਘਣ ਕੀਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ 27 ਮਾਰਚ ਦੇ ਬਾਅਦ ਵਿਕੇ ਵਾਹਨਾਂ ਦਾ ਬਿਊਰਾ ਫਾਡਾ ਅਤੇ ਸੜਕ ਟਰਾਂਸਪੋਰਟ ਮੰਤਰ-ਾਲਾ ਕੱਲ੍ਹ ਤੱਕ ਉਸ ਨੂੰ ਪੇਸ਼ ਕਰਨ। ਅਦਾਲਤ ਨੇ ਕਿਹਾ ਕਿ ਉਸ ਨੇ ਇੱਕ ਲੱਖ ਪੰਜ ਹਜ਼ਾਰ ਬੀ ਐਸ-4 ਵਾਹਨਾਂ ਦੀ ਵਿਕਰੀ ਅਤੇ ਰਜਿਸਟਰੇਸ਼ਨ ਦੀ ਇਜਾਜ਼ਤ ਦਿੱਤੀ ਸੀ। ਲੱਗਦਾ ਹੈ ਕਿ ਦੋ ਲੱਖ 55 ਹਜ਼ਾਰ ਵਾਹਨ ਵੇਚੇ ਗਏ ਹਨ। ਬੈਂਚ ਨੇ ਕਿਹਾ ਕਿ ਅਦਾਲਤ ਨੇ ਵਾਹਨਾਂ ਵੇਚਣ ਦੀ ਇਜਾਜ਼ਤ ਇਸ ਲਈ ਦਿੱਤੀ ਸੀ ਕਿ ਲਾਕਡਾਊਨ ਦੇ ਕਾਰਨ ਡੀਲਰਾਂ ਨੇ ਸਟਾਕ ਖ਼ਤਮ ਨਹੀਂ ਕੀਤਾ ਸੀ। 27 ਮਾਰਚ ਨੂੰ ਸੁਪਰੀਮ ਕੋਰਟ ਨੇ ਆਟੋਮੋਬਾਈਲ ਡੀਲਰਾਂ ਨੂੰ ਥੋੜ੍ਹੀ ਰਾਹਤ ਦਿੰਦੇ ਹੋਏ 10 ਦਿਨਾਂ ਦੇ ਵਿੱਚ ਬੀ ਐਸ-4 ਬਚੇ ਵਾਹਨਾਂ ਦੇ ਸਟਾਕ ਵਿੱਚੋਂ 10 ਫੀਸਦੀ ਵੇਚਣ ਦੀ ਇਜਾਜ਼ਤ ਦਿੱਤੀ ਸੀ। ਅਦਾਲਤ ਨੇ ਕਿਹਾ ਸੀ ਕਿ ਇਹ ਵਾਹਨ ਦਸ ਦਿਨਾਂ ਦੇ ਵਿੱਚ ਹੀ ਰਜਿਸਟਰ ਕੀਤਾ ਜਾਵੇਗਾ।

ਭਾਜਪਾ ਲੀਡਰ ਆਰ ਪੀ ਸਿੰਘ ਵੱਲੋਂ ਚੁਣੌਤੀ

# ਜਥੇਦਾਰ ਅਕਾਲ ਤਖਤ ਦੱਸੇ, ਭਾਰਤ ਸਰਕਾਰ ਦਾ ਰਵੱਈਆ ਸਿੱਖ ਵਿਰੋਧੀ ਕਿਵੇਂ ਹੈ?



ਜਲੰਧਰ, 16 ਜੂਨ (ਪੋਸਟ ਬਿਊਰੋ)- ਪਿਛਲੇ ਦਿਨੀਂ ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਮੌਕੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਖਾਲਿਸਤਾਨ ਬਾਰੇ ਦਿੱਤੇ ਬਿਆਨ ਤੋਂ ਉਨ੍ਹਾਂ ਨੇ ਭਾਵੇਂ ਮੋੜਾ ਵੀ ਕੱਟ ਲਿਆ ਹੈ, ਪਰ ਉਹ ਬਿਆਨ ਖਹਿੜਾ ਨਹੀਂ ਛੱਡ ਰਿਹਾ। ਉਨ੍ਹਾਂ ਨੇ ਮੋੜਾ ਕੱਟਣ ਵੇਲੇ ਜਦੋਂ ਇਹ ਕਿਹਾ ਕਿ ਸਿੱਖਾਂ ਨੂੰ ਕਿਸੇ ਵੀ ਤਰ੍ਹਾਂ ਖਾਲਿਸਤਾਨ ਦੇ ਨਾਮ 'ਤੇ ਪਰਿਭਾਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ, ਇਸ ਦੇ ਨਾਲ ਇਹ ਵੀ ਕਹਿ ਦਿੱਤਾ ਹੈ ਕਿ ਭਾਰਤ ਸਰਕਾਰ ਦਾ ਰਵਈਆ ਸਿੱਖ ਵਿਰੋਧੀ ਹੈ। ਇਸ ਨਾਲ ਫਿਰ ਨਵੀਂ ਚਰਚਾ ਛਿੜ ਗਈ ਹੈ।

ਭਾਰਤੀ ਜਨਤਾ ਪਾਰਟੀ ਦੇ ਨੈਸ਼ਨਲ ਸੈਕਟਰੀ ਆਰ ਪੀ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕਿਹਾ ਹੈ ਕਿ ਉਹ ਸਿੱਖਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਨਾ ਕਰਨ। ਪਹਿਲਾਂ ਆਪਣੇ ਬਿਆਨ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਜੇ ਕੇਂਦਰ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦਿੰਦੀ ਹੈ ਤਾਂ ਉਨ੍ਹਾਂ ਨੂੰ ਇਸ ਗੱਲ ਦੀ ਖ਼ੁਸ਼ੀ ਹੋਵੇਗੀ। ਇਸ ਉੱਤੇ ਭਾਜਪਾ ਨੇਤਾ ਆਰ ਪੀ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਕਿਹਾ ਕਿ ਜੇ ਉਨ੍ਹਾਂ ਦਾ ਇਹ ਬਿਆਨ ਨਿੱਜੀ ਹੈ ਤਾਂ ਵੱਖਰੀ ਗੱਲ ਹੈ ਪਰ ਜੇ ਉਹ ਇਹ ਬਿਆਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਦੇ ਰਹੇ ਹਨ ਤਾਂ ਉਨ੍ਹਾਂ ਨੂੰ ਪਹਿਲਾਂ ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨ ਦੀ ਮੀਟਿੰਗ ਸੱਦ ਕੇ ਉਸ ਵਿੱਚ ਇਸ ਦਾ ਮਤਾ ਪਾਸ ਕਰਨਾ ਪਵੇਗਾ, ਕਿਉਂਕਿ ਕਿਸੇ ਹੱਕ ਦੇ ਲਈ ਸੰਵਿਧਾਨ ਦੇ ਦਾਇਰੇ ਵਿੱਚ ਕੋਈ ਵੀ ਵਿਅਕਤੀ ਅਤੇ ਸੰਸਥਾ ਹੀ ਆਵਾਜ਼ ਉਠਾ ਸਕਦੀ ਹੈ। ਉਨ੍ਹਾ ਨੇ ਇਹ ਵੀ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਇਹ ਦੱਸਣ ਕੇ ਭਾਰਤ ਸਰਕਾਰ ਦਾ ਰਵੱਈਆ ਸਿੱਖ ਵਿਰੋਧੀ ਕਿਵੇਂ ਹੈ ਤੇ ਇਸ ਬਾਰੇ ਸਿੱਖਾਂ ਨੂੰ ਸਿੱਖਾਂ ਨੂੰ ਗੁਮਰਾਹ ਕਰਨ ਦੀ ਪਾਕਿਸਤਾਨ ਦੀ ਮੁਹਿੰਮ ਦਾ ਹਿੱਸਾ ਨਾ ਬਣਨ।

# ਗ੍ਰੰਥੀ ਤੇ ਪਾਠੀ ਸਿੰਘ ਕੋਰੋਨਾ ਵਾਇਰਸ ਕਰਕੇ ਦੋ ਵਕਤ ਦੀ ਰੋਟੀ ਤੋਂ ਮੁਥਾਜ ਹੋਣ ਲੱਗੇ

ਲੁਧਿਆਣਾ, 16 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਨੇ ਸੰਸਾਰ ਦੇ ਹਰ ਵਰਗ ਨੂੰ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਤ ਕੀਤਾ ਹੈ ਅਤੇ ਇਸ ਦੇ ਅਸਰ ਤੋਂ ਗ੍ਰੰਥੀ ਸਿੰਘ, ਪਾਠੀ, ਰਾਗੀ ਅਤੇ ਪ੍ਰਚਾਰਕ ਵੀ ਨਹੀਂ ਬਚੇ ਰਹਿ ਸਕੇ। ਉਨ੍ਹਾਂ ਵਿੱਚੋਂ ਕਈਆਂ ਦੀ ਹਾਲਤ ਏਨੀ ਮਾੜੀ ਹੋ ਗਈ ਹੈ ਕਿ ਦੋ ਵਕਤ ਦੀ ਰੋਟੀ ਲਈ ਵੀ ਔਖ ਆ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਭਰ ਵਿੱਚ 70 ਹਜ਼ਾਰ ਤੋਂ 80 ਹਜ਼ਾਰ ਦੇ ਵਿਚਕਾਰ ਗ੍ਰੰਥੀ ਸਿੰਘ ਨਿੱਤ-ਨੇਮ ਦੀ ਸੇਵਾ ਕਰਦੇ ਹਨ ਅਤੇ ਉਨ੍ਹਾਂ ਨੂੰ ਤਿੰਨ ਹਜ਼ਾਰ ਤੋਂ 10 ਹਜ਼ਾਰ ਰੁਪਏ ਮਹੀਨਾ ਮਿਲਦੇ ਹਨ। ਸੂਬੇ ਅੰਦਰ ਇੱਕ ਲੱਖ ਤੋਂ ਵੱਧ ਪਾਠੀ ਸਿੰਘ ਅਖੰਡ ਪਾਠ ਅਤੇ ਸਹਿਜ ਪਾਠ ਕਰਦੇ ਹਨ। ਸੱਤ ਦਿਨ ਦਾ ਸਹਿਜ ਪਾਠ ਦੋ ਪਾਠੀ ਸਿੰਘ ਕਰਦੇ ਹਨ, ਜਿਨ੍ਹਾਂ ਨੂੰ 3100 ਤੋਂ 4100 ਰੁਪਏ ਤੱਕ ਭੇਟਾ ਮਿਲਦੀ ਹੈ ਅਤੇ ਸ੍ਰੀ ਅਖੰਡ ਪਾਠ ਬਦਲੇ ਪੰਜ ਸਿੰਘਾਂ ਨੂੰ ਚਾਰ ਹਜ਼ਾਰ ਤੋਂ ਛੇ ਹਜ਼ਾਰ ਰੁਪਏ ਭੇਟਾ ਮਿਲਦੀ ਹੈ। ਇਸ ਤੋਂ ਬਿਨਾਂ ਇਨ੍ਹ ਨੂੰ ਪਾਠ ਕਰਾਉਣ ਵਾਲੇ ਲੋਕ ਆਪਣੀ ਸ਼ਰਧਾ ਅਨੁਸਾਰ ਰਸਦ, ਕੱਪੜੇ ਜਾਂ ਹੋਰ ਸਮਾਨ ਵੀ ਦੇ ਦਿੰਦੇ ਹਨ। ਗ੍ਰੰਥੀ ਤੇ ਪਾਠੀ ਸਿੰਘਾਂ ਤੋਂ ਇਲਾਵਾ ਪੰਜਾਬ ਵਿੱਚ ਪੰਜ ਹਜ਼ਾਰ ਤੋਂ ਸੱਤ ਹਜ਼ਾਰ ਨਾਮਵਰ ਤੇ ਸਥਾਨਕ ਪੱਧਰ ਦੇ ਰਾਗੀ ਅਤੇ ਪ੍ਰਚਾਰਕ ਹਨ। ਸਥਾਨਕ ਪੱਧਰ ਦੇ ਰਾਗੀ ਅਤੇ ਪ੍ਰਚਾਰਕ 1100 ਰੁਪਏ ਤੋਂ 5100 ਰੁਪਏ ਅਤੇ ਨਾਮਵਰ ਅਤੇ ਉਘੇ ਰਾਗੀ ਸਿੰਘ ਤੇ ਪ੍ਰਚਾਰਕ 11000 ਤੋਂ ਇੱਕ ਲੱਖ ਰੁਪਏ ਤੱਕ ਭੇਟਾ ਲੈਂਦੇ ਹਨ। ਸਥਾਨਕ ਪੱਧਰ ਦੇ ਰਾਗੀ ਤੇ ਪ੍ਰਚਾਰਕ ਇਸ ਵੇਲੇ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਹਨ, ਪਰ ਨਾਮਵਰ ਪ੍ਰਚਾਰਕਾਂ ਕੋਲ ਆਪਣਾ ਤੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਨ ਲਈ ਕਾਫ਼ੀ ਕੁਝ ਹੈ। ਸਭ ਤੋਂ ਮੰਦਾ ਹਾਲ ਪਿੰਡਾਂ ਤੇ ਸ਼ਹਿਰਾਂ ਵਿਚਲੇ ਗੁਰੂ ਘਰਾਂ ਦੇ ਗ੍ਰੰਥੀ ਸਿੰਘ ਅਤੇ ਘਰਾਂ 'ਚ ਜਾ ਕੇ ਪਾਠ ਕਰਨ ਵਾਲੇ ਪਾਠੀ ਸਿੰਘਾਂ ਦਾ ਹੈ, ਜਿਨ੍ਹਾਂ ਨੂੰ ਦੋ ਮਹੀਨੇ ਗੁਰੂ ਘਰ ਬੰਦ ਰਹਿਣ ਕਰਕੇ ਆਪਣਾ ਅਤੇ ਆਪਣੇ ਪਰਵਾਰ ਦਾ ਗੁਜ਼ਾਰਾ ਚਲਾਉਣ ਲਈ ਸਮਾਜ ਸੇਵੀ ਸੰਸਥਾਵਾਂ ਜਾਂ ਹੋਰ ਦਾਨੀ ਸੱਜਣਾਂ ਦਾ ਸਹਾਰਾ ਲੈਣਾ ਪਿਆ। ਜਿਹੜੇ ਗੁਰੂ ਘਰਾਂ ਕੋਲ ਕਮਾਈ ਦਾ ਸੰਗਤ ਤੇ ਚੜ੍ਹਾਵੇ ਤੋਂ ਬਿਨ੍ਹਾਂ ਹੋਰ ਕਈ ਸਾਧਨ ਸੀ, ਉਨ੍ਹਾਂ ਨੇ ਆਪਣੇ ਮੁਲਾਜ਼ਮਾਂ ਦੀ ਸੰਭਾਲ ਲਈ ਹਰ ਉਪਰਾਲਾ ਕੀਤਾ, ਪਰ ਇਸ ਦੀ ਗਿਣਤੀ ਬਹੁਤ ਘੱਟ ਹੈ।

# ਨਕਲੀ ਸੈਨੀਟਾਈਜ਼ਰ ਬਣਾਉਣ ਵਾਲੀ ਫੈਕਟਰੀ ਉੱਤੇ ਛਾਪਾ, ਲੱਖਾਂ ਦਾ ਮਾਲ ਬਰਾਮਦ

ਲੁਧਿਆਣਾ, 16 ਜੂਨ (ਪੋਸਟ ਬਿਊਰੋ)- ਲੁਧਿਆਣਾ ਪੁਲਸ ਨੇ ਹੈਬੋਵਾਲ ਇਲਾਕੇ ਵਿੱਚ ਨਕਲੀ ਸੈਨੇਟਾਈਜ਼ਰ ਬਣਾਉਣ ਵਾਲੀ ਫੈਕਟਰੀ 'ਤੇ ਛਾਪਾ ਮਾਰ ਕੇ ਲੱਖਾਂ ਰੁਪਏ ਮੁੱਲ ਦਾ ਸਾਮਾਨ ਬਰਾਮਦ ਕੀਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਇਹ ਕਾਰਵਾਈ ਰੌਨ ਬੇਕਰ ਇੰਡਸਟਰੀਜ਼ ਦੇ ਮੈਨੇਜਰ ਸੁਨੀਲ ਦੱਤ ਦੀ ਸ਼ਿਕਾਇਤ 'ਤੇ ਕੀਤੀ ਸੀ। ਸੁਨੀਲ ਦੱਤ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਲੁਧਿਆਣਾ ਵਿੱਚ ਕੁਝ ਲੋਕ ਉਨ੍ਹਾਂ ਦੀ ਕੰਪਨੀ ਦਾ ਨਕਲੀ ਮਾਰਕਾ ਲਾ ਕੇ ਸੈਨੇਟਾਈਜ਼ਰ ਵੇਚ ਰਹੇ ਹਨ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਉੱਤੇ ਉਨ੍ਹਾਂ ਨੇ ਪਹਿਲਾਂ ਇਸ ਦੀ ਖੁਦ ਚੈਕਿੰਗ ਕੀਤੀ ਅਤੇ ਇਹ ਤੱਥ ਸਹੀ ਨਿਕਲੇ। ਉਨ੍ਹਾਂ ਦੱਸਿਆ ਕਿ ਨਕਲੀ ਸੈਨੇਟਾਈਜ਼ਰ ਬਣਾਉਣ ਵਾਲੇ ਲੋਕਾਂ ਤੋਂ ਉਨ੍ਹਾਂ ਨੇ ਕੁਝ ਸੈਨੇਟਾਈਜ਼ਰ ਖਰੀਦ ਲਏ ਅਤੇ ਇਸ ਦੀ ਸੂਚਨਾ ਪੁਲਸ ਅਧਿਕਾਰੀਆਂ ਨੂੰ ਦਿੱਤੀ। ਸੂਚਨਾ ਮਿਲਦਿਆਂ ਸਾਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਉਨ੍ਹਾਂ ਨੇ ਛਾਪਾ ਮਾਰ ਕੇ ਭਾਰੀ ਮਾਤਰਾ ਵਿੱਚ ਸਾਮਾਨ ਬਰਾਮਦ ਕਰ ਲਿਆ। ਉਨ੍ਹਾਂ ਦੱਸਿਆ ਕਿ ਨਕਲੀ ਸੈਨੇਟਾਈਜ਼ਰ ਬਣਾਉਣ ਵਾਲਾ ਵਿਅਕਤੀ ਫਰਾਰ ਹੋ ਗਿਆ, ਪਰ ਪੁਲਸ ਉਸ ਦੇ ਕੁਝ ਸਾਥੀਆਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ ਪੜਤਾਲ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀ ਲੰਬੇ ਸਮੇਂ ਤੋਂ ਨਕਲੀ ਸੈਨੇਟਾਈਜ਼ਰ ਬਣਾ ਕੇ ਕੰਪਨੀ ਦੇ ਨਾਮ 'ਤੇ ਵੇਚ ਰਿਹਾ ਸੀ ਅਤੇ ਉਸ ਦੀਆਂ ਹਰਕਤਾਂ ਕਾਰਨ ਜਿੱਥੇ ਕੰਪਨੀ ਨੂੰ ਨੁਕਸਾਨ ਹੁੰਦਾ ਸੀ, ਉਥੇ ਲੋਕਾਂ ਦੀ ਸਿਹਤ ਨਾਲ ਵੀ ਖਿਲਵਾੜ ਕੀਤਾ ਜਾਂਦਾ ਸੀ।

# ਸੁਮੇਧ ਸੈਣੀ ਅਦਾਲਤ ਵਿੱਚ ਪੇਸ਼ ਨਹੀਂ ਹੋਇਆ

ਮੁਹਾਲੀ, 15 ਜੂਨ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਆਈ ਏ ਐਸ ਅਧਿਕਾਰੀ ਦੇ ਬੇਟੇ ਅਤੇ ਚੰਡੀਗੜ੍ਹ ਟੂਰਿਜ਼ਮ ਦੇ ਜੂਨੀਅਰ ਇੰਜਨੀਅਰ (ਜੇ ਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਦੇ ਦੋਸ਼ਾਂ ਵਿੱਚ ਫਸੇ ਹੋਏ ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਕੱਲ੍ਹ ਮੁਹਾਲੀ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਪੀੜਤ ਪਰਵਾਰ ਵੱਲੋਂ ਸ਼ਿਕਾਇਤ ਕਰਤਾ ਪਲਵਿੰਦਰ ਸਿੰਘ ਮੁਲਤਾਨੀ ਨੇ ਸੈਸ਼ਨ ਜੱਜ ਆਰ ਐਸ ਰਾਏ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਕੇਸ ਦੀ ਸੁਣਵਾਈ ਕਿਸੇ ਹੋਰ ਅਦਾਲਤ 'ਚ ਭੇਜਣ ਦੀ ਮੰਗ ਕੀਤੀ ਹੈ। ਸੈਸ਼ਨ ਜੱਜ ਨੇ ਸੁਮੇਧ ਸੈਣੀ ਨੂੰ ਨੋਟਿਸ ਜਾਰੀ ਕਰਕੇ ਇਸ ਬਾਰੇ ਆਪਣਾ ਪੱਖ ਰੱਖਣ ਲਈ ਕੱਲ੍ਹ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਸੀ, ਪਰ ਕੱਲ੍ਹ ਉਹ ਪੇਸ਼ ਨਹੀਂ ਹੋਏ। ਇਸ ਮੌਕੇ ਵਿਸ਼ੇਸ਼ ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਤੇ ਸਰਕਾਰੀ ਵਕੀਲ ਸੰਜੀਵ ਬੱਤਰਾ, ਪੀੜਤ ਪਰਵਾਰ ਦੇ ਵਕੀਲ ਪਰਦੀਪ ਸਿੰਘ ਵਿਰਕ, ਬਚਾਅ ਪੱਖ ਦੇ ਵਕੀਲ ਐਚ ਐਸ ਧਨੋਆ ਅਦਾਲਤ ਵਿੱਚ ਆਏ ਹੋਏ ਸਨ। ਸਾਬਕਾ ਡੀ ਜੀ ਪੀ ਸੈਣੀ ਨੇ ਆਪਣੇ ਵਕੀਲ ਐਚ ਐਸ ਧਨੋਆ ਰਾਹੀਂ ਅਦਾਲਤ ਨੂੰ ਦੱਸਿਆ ਕਿ ਕੱਲ੍ਹ ਦੀ ਸੁਣਵਾਈ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਕੋਈ ਸੰਮਨ ਨਹੀਂ ਮਿਲਿਆ ਅਤੇ ਉਨ੍ਹਾਂ ਨੂੰ ਸਟੇਅ ਮਿਲੀ ਹੋਈ ਹੈ। ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵਿੱਚ 18 ਜੂਨ ਨੂੰ ਸੁਣਵਾਈ ਹੋਣੀ ਹੈ। ਇਸ ਉੱਤੇ ਸਰਕਾਰੀ ਵਕੀਲਾਂ ਨੇ ਕਿਹਾ ਕਿ 18 ਜੂਨ ਨੂੰ ਸਬੰਧਤ ਅਦਾਲਤ ਨੂੰ ਕੋਈ ਅੰਤਿਮ ਫ਼ੈਸਲਾ ਲੈਣ ਤੋਂ ਰੋਕਿਆ ਜਾਵੇ। ਸੈਸ਼ਨ ਜੱਜ ਨੇ ਕੇਸ ਦੀ ਸੁਣਵਾਈ ਲਈ 23 ਜੂਨ ਦਾ ਦਿਨ ਮਿਥਿਆ ਹੈ।

# ਬੇਅਦਬੀ ਕਾਂਡ ਵਿਚ ਸਿਟ ਦੇ ਮੁਖੀ ਦੀ ਬਦਲੀ ਤੋਂ ਸਿਆਸੀ ਅਟਕਲਾਂ ਤੇਜ਼

ਫਰੀਦਕੋਟ, 16 ਜੂਨ (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਹੋਏ ਬੇਅਦਬੀ ਦੇ ਮਾਮਲਿਆਂ ਅਤੇ ਬਾਅਦ ਵਿੱਚ ਬਹਿਬਲ ਕਲਾਂ ਅਤੇ ਕੋਟਕਪੂਰਾ ਪੁਲਸ ਫਾਇਰਿੰਗ ਦੇ ਕੇਸਾਂ ਦੀ ਜਾਂਚ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੁਖੀ ਦੀ ਬਦਲੀ ਨਾਲ ਸਿਆਸੀ ਅਤੇ ਪ੍ਰਸ਼ਾਸਨਿਕ ਹਲਕਿਆਂ ਵਿੱਚ ਕਈ ਕਿਸਮ ਦੀਆਂ ਸਿਆਸੀ ਅਤੇ ਗੈਰ-ਸਿਆਸੀ ਅਟਕਲਾਂ ਸੁਣਨ ਲੱਗ ਪਈਆਂ ਹਨ। ਵਰਨਣ ਯੋਗ ਹੈ ਕਿ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਮੁਖੀ ਡੀ ਜੀ ਪੀ (ਸਪੈਸ਼ਲ) ਪ੍ਰਬੋਧ ਕੁਮਾਰ ਨੂੰ ਪਿਛਲੇ ਦਿਨੀਂ ਇਸ ਅਹੁਦੇ ਤੋਂ ਬਦਲ ਕੇ ਬਹੁਤ ਘੱਟ ਅਹਿਮ ਡੀ ਜੀ ਪੀ ਪ੍ਰੋਵੀਜ਼ਨਲ ਦੀ ਪੋਸਟ ਦੇ ਦਿੱਤੀ ਗਈ ਹੈ, ਜਦ ਕਿ ਏ ਜੀ ਪੀ ਰੈਂਕ ਦੇ ਅਧਿਕਾਰੀ ਅਰਪਿਤ ਸ਼ੁਕਲਾ ਨੂੰ ਬਿਊਰੋ ਚੀਫ਼ ਬਣਾਇਆ ਗਿਆ ਹੈ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਮੰਨਿਆ ਕਿ ਬਿਊਰੋ ਚੀਫ਼ ਹੋਣ ਦੇ ਨਾਤੇ ਅਰਪਿਟ ਸ਼ੁਕਲਾ ਬਰਗਾੜੀ ਸਮੇਤ ਸਾਰੇ ਕੇਸਾਂ ਦੀ ਜਾਂਚ ਕਰਨ ਵਾਲੀ ਐੱਸ ਆਈ ਟੀ ਦੇ ਮੁਖੀ ਹੋਣਗੇ। ਦੂਸਰੀ ਅਹਿਮ ਗੱਲ ਇਹ ਕਿ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਐਸ ਐਸ ਪੀ ਕਪੂਰਥਲਾ ਸਤਿੰਦਰ ਸਿੰਘ ਤੋਂ ਵਾਪਸ ਲੈ ਲਈ ਅਤੇ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਹੱਥ ਦੇ ਦਿੱਤੀ ਗਈ ਹੈ। ਪਿਛਲੇ ਸਾਲ 30 ਮਈ ਨੂੰ ਕੋਟਕਪੂਰਾ ਪੁਲਸ ਫਾਇਰਿੰਗ ਦੇ ਕੇਸ ਦਾ ਚਲਾਨ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਅਦਾਲਤ ਵਿੱਚ ਇੱਕਲਿਆਂ ਹੀ ਪੇਸ਼ ਕੀਤਾ ਸੀ ਤੇ ਇਸ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਵਿਰੁੱਧ ਬਠਿੰਡਾ ਵਿਖੇ 2007 ਵਿੱਚ ਦਰਜ ਕੇਸ ਨੂੰ ਸਾਲ 2012 ਦੀਆਂ ਚੋਣਾਂ ਦੌਰਾਨ ਵਾਪਸ ਲੈਣ ਤੋਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਮੁਆਫ਼ ਕੀਤੇ ਜਾਣ ਤੱਕ ਦੀ ਰਿਪੋਰਟ ਅਤੇ ਫਿਰ ਕਈ ਅਕਾਲੀ ਆਗੂਆਂ ਦੇ ਨਾਂਅ ਇਸ ਵਿੱਚ ਸ਼ਾਮਲ ਕੀਤੇ ਸਨ। ਇਸ ਚਲਾਨ ਦੇ ਕਾਰਨ ਵਿਸ਼ੇਸ਼ ਜਾਂਚ ਟੀਮ ਵਿੱਚ ਮੱਤਭੇਦ ਉਭਰ ਆਏ ਸਨ। ਐੱਸ ਆਈ ਟੀ ਦੇ ਮੁਖੀ ਅਤੇ ਦੋ ਹੋਰ ਮੈਂਬਰਾਂ ਨੇ ਏਥੋਂ ਤੱਕ ਵੀ ਆਖ ਦਿੱਤਾ ਸੀ ਕਿ ਪੇਸ਼ ਕੀਤੇ ਗਏ ਚਲਾਨ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਉਸ ਦੇ ਬਾਅਦ ਪਿਛਲਾ ਕਰੀਬ ਇੱਕ ਸਾਲ ਐੱਸ ਆਈ ਟੀ ਚੁੱਪ ਕੀਤੀ ਰਹੀ ਸੀ ਅਤੇ ਇਸ ਕਾਰਨ ਕਾਂਗਰਸ ਦੇ ਵਜ਼ੀਰਾਂ, ਵਿਧਾਇਕਾਂ ਅਤੇ ਬਹੁਤ ਸਾਰੇ ਆਗੂਆਂ ਵੱਲੋਂ ਮੁੱਖ ਮੰਤਰੀ ਉਪਰ ਸਵਾਲ ਖੜ੍ਹੇ ਕੀਤੇ ਜਾਂਦੇ ਰਹੇ ਹਨ।

ਜਾਣਕਾਰ ਸੂਤਰਾਂ ਮੁਤਾਬਿਕ ਮੁੱਖ ਮੰਤਰੀ ਨੇ ਇਸ ਮੁੱਦੇ ਉਪਰ ਕੁਝ ਨਾ ਕੁਝ ਕਾਰਵਾਈ ਕਰਨ ਲਈ ਤਾਲਾਬੰਦੀ ਲੱਗਣ ਤੋਂ ਕੁਝ ਦਿਨ ਪਹਿਲਾਂ ਇੱਕ ਉਚ ਪੱਧਰੀ ਮੀਟਿੰਗ ਵਿੱਚ ਮੰਤਰੀਆਂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਤੇ ਸੁਖਜਿੰਦਰ ਸਿੰਘ ਸੁਖ ਸਰਕਾਰੀਆਂ ਤੋਂ ਬਿਨਾ ਪੰਜਾਬ ਦੇ ਐਡਵੋਕੇਟ ਜਨਰਲ, ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਅਤੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨਾਲ ਵਿਚਾਰ ਵਟਾਂਦਰਾ ਕੀਤਾ ਸੀ। ਇਸ ਮੀਟਿੰਗ ਵਿੱਚ ਕੁਝ ਮੰਤਰੀਆਂ ਵੱਲੋਂ ਦਿਖਾਈ ਗਰਮਜੋਸ਼ੀ ਤੋਂ ਬਾਅਦ ਮੁੱਖ ਮੰਤਰੀ ਨੇ ਐੱਸ ਆਈ ਟੀ ਵਿੱਚ ਤਬਦੀਲੀ ਦੀ ਪੇਸ਼ਕਸ਼ ਕੀਤੀ ਸੀ, ਪਰ ਕੁਝ ਦਿਨ ਬਾਅਦ ਤਾਲਾਬੰਦੀ ਲੱਗਣ ਨਾਲ ਇਹ ਗੱਲ ਠੰਢੀ ਪੈ ਗਈ ਸੀ ਤੇ ਇਸ ਮੀਟਿੰਗ ਦੇ ਏਜੰਡੇ ਮੁਤਾਬਕ ਕੁਝ ਦਿਨ ਪਹਿਲਾਂ ਬਹਿਬਲ ਕਲਾਂ ਕਾਂਡ ਦੀ ਜਾਂਚ ਸਤਿੰਦਰ ਸਿੰਘ ਤੋਂ ਵਾਪਸ ਲੈ ਕੇ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਹਵਾਲੇ ਕਰ ਦਿੱਤੀ ਗਈ ਹੈ। ਇਸ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦੀ ਕੰਮ ਵੰਡ ਅਨੁਸਾਰ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਆਈ ਜੀ ਅਰੁਣਪਾਲ ਸਿੰਘ ਅਤੇ ਐੱਸ ਐੱਸ ਪੀ ਸਤਿੰਦਰ ਸਿੰਘ ਕੋਲ ਸੀ ਤੇ ਕੋਟਕਪੂਰਾ ਕਾਂਡ ਦੀ ਜਾਂਚ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਤੇ ਐਸ ਐਸ ਪੀ ਭੁਪਿੰਦਰ ਸਿੰਘ ਕੋਲ ਸੀ। ਦੱਸਿਆ ਜਾ ਰਿਹਾ ਹੈ ਕਿ ਸਾਰੀ ਵਿਸ਼ੇਸ਼ ਜਾਂਚ ਟੀਮ ਵਿੱਚ ਹੀ ਤਬਦੀਲੀ ਹੋ ਸਕਦੀ ਹੈ। ਬਿਊਰੋ ਚੀਫ਼ ਹੋਣ ਕਾਰਨ ਮੁਖੀ ਭਾਵੇਂ ਇਸ ਟੀਮ ਨਾਲ ਏ ਡੀ ਜੀ ਪੀ ਅਰਪਿਤ ਸ਼ੁਕਲਾ ਹੋਣਗੇ ਪਰ ਪ੍ਰਮੁੱਖ ਭੂਮਿਕਾ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਹੱਥ ਦਿੱਤੀ ਜਾ ਸਕਦੀ ਹੈ।

# 80 ਫੀਸਦੀ ਯੂਰਪ ਵਿੱਚ ਆਵਾਜਾਈ ਸ਼ੁਰੂ, ਜਰਮਨੀ, ਪੋਲੈਂਡ ਦੇ ਮੇਅਰਾਂ ਨੇ ਜ਼ੰਜੀਰ ਤੋੜ ਕੇ ਸਰਹੱਦ ਖੋਲ੍ਹੀ



ਬਰਲਿਨ, 16 ਜੂਨ (ਪੋਸਟ ਬਿਊਰੋ)- ਜਰਮਨੀ ਦੇ ਗੋਰਿਲਟ੍ਰਜ ਕਸਬੇ ਦੀ ਸਰਹੱਦ ਪੋਲੈਂਡ ਦੇ ਗੋਰਜੇਲੇਕ ਕਸਬੇ ਨਾਲ ਲੱਗਦੀ ਹੈ। ਦੋਵਾਂ ਕਸਬਿਆਂ ਦੇ ਮੇਅਰਾਂ ਨੇ ਕੱਲ੍ਹ ਗੇਟ 'ਤੇ ਲੱਗੀ ਜ਼ੰਜੀਰ ਤੋੜ ਕੇ ਜਰਮਨੀ ਅਤੇ ਪੋਲੈਂਡ ਵਿਚਲਾ ਬਾਰਡਰ ਖੋਲ੍ਹ ਦਿੱਤਾ ਤੇ ਕਈ ਯੂਰਪੀ ਦੇਸ਼ਾਂ ਨੇ ਸੀਮਾਵਾਂ ਖੋਲ੍ਹਣ ਦੀ ਸ਼ੁਰੂਆਤ ਕੀਤੀ ਹੈ। ਇਨ੍ਹਾਂ ਵਿੱਚ ਇਟਲੀ, ਫਰਾਂਸ, ਜਰਮਨੀ, ਬੈਲਜੀਅਮ ਅਤੇ ਪੁਰਤਗਾਲ ਵਰਗੇ ਦੇਸ਼ ਸ਼ਾਮਲ ਹਨ। ਗੋਰਿਲਟ੍ਰਜ ਦੇ ਮੇਅਰ ਆਕਟੇਵੀਅਨ ਉਰਸੂ ਤੇ ਗੋਰਜੇਲੇਕ ਦੇ ਰਫਾਲ ਗ੍ਰੋਨਿਕਜ ਨੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਦੋਵਾਂ ਦੇਸ਼ਾਂ ਵਿੱਚ ਲੋਕ ਦੁੱਗਣੇ ਉਤਸ਼ਾਹ ਦੇ ਨਾਲ ਆਉਣ। ਇਸ ਲਈ ਇਸ ਪਲ ਨੂੰ ਯਾਦਗਾਰ ਬਣਾ ਲਿਆ। ਯੂਰਪ ਦੇ ਕਈ ਦੇਸ਼ਾਂ ਨੇ ਕਰੀਬ ਤਿੰਨ ਮਹੀਨੇ ਬਾਅਦ ਕੱਲ੍ਹ ਆਪਣੀਆਂ ਸਰਹੱਦਾਂ ਖੋਲ੍ਹ ਦਿੱਤੀਆਂ, ਪਰ ਇਹ ਅਨਲਾਕ ਸਿਰਫ ਯੂਰਪੀ ਦੇਸ਼ਾਂ ਦੇ ਨਾਗਰਿਕਾਂ ਲਈ ਹੋਇਆ ਹੈ। ਯੂਰਪ ਦੇ 44 ਵਿੱਚੋਂ 35 (80 ਫੀਸਦੀ) ਦੇਸ਼ ਬਾਰਡਰ ਖੁੱਲ੍ਹ ਚੁੱਕੇ ਹਨ। ਫਰਾਂਸ ਵਿੱਚ ਅਨਲਾਕ ਦੇ ਮੌਕੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਕਿਹਾ ਕਿ ਦੇਸ਼ ਨੇ ਕੋਰੋਨਾ ਨਾਲ ਪਹਿਲੀ ਜੰਗ ਜਿੱਤ ਲਈ ਹੈ। ਇਸ ਲਈ ਪਾਬੰਦੀਆਂ ਹਟਾਈਆਂ ਜਾ ਰਹੀਆਂ ਹਨ। ਇਸ ਨਾਲ ਪੈਰਿਸ ਵਿੱਚ ਬਾਰਅਤੇ ਰੈਸਟੋਰੈਂਟ ਖੁੱਲ੍ਹ ਜਾਗੇ। 22 ਜੂਨ ਤੋਂ ਸਕੂਲ ਵੀ ਖੁੱਲ੍ਹ ਜਾਣਗੇ। ਜਰਮਨੀ-ਆਸਟਰੇਲੀਆ, ਡੈਨਮਾਰਕ ਸਮੇਤ ਨੌਂ ਦੇਸ਼ਾਂ ਦੇ ਨਾਲ ਲੱਗੀ ਸੀਮਾ 'ਤੇ ਅੱਗੇ ਤੋਂ ਚੈਕਪੋਸਟ ਜ਼ਰੂਰੀ ਨਹੀਂ ਹੈ। ਆਸਟਰੀਆ ਨੇ ਕੱਲ੍ਹ ਤੋਂ ਚਾਰ ਦੇਸ਼ਾਂ ਨੂੰ ਛੱਡ ਕੇ ਸਾਰੇ ਯੂਰਪੀ ਦੇਸ਼ਾਂ ਨੂੰ ਐਂਟਰੀ ਦੇਣ ਦਾ ਫੈਸਲਾ ਲਿਆ ਹੈ। ਕੁਝ ਹੋਰ ਦੇਸ਼ ਵੀ ਬਾਰਡਰ ਖੋਲ੍ਹ ਰਹੇ ਹਨ।

# ਅਮਰੀਕਾ ਵਿੱਚ ਸਿੱਖ ਬਜ਼ੁਰਗ 'ਤੇ ਨਸਲੀ ਹਮਲਾ



ਸਿਆਟਲ, 16 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਕੋਲੋਰਾਡੋ ਵਿੱਚ ਜੈਫ਼ਰਸਨ ਕਾਊਂਟੀ 'ਚ ਇੱਕ ਗੋਰੇ ਨੇ ਪੰਜਾਬੀ ਬਜ਼ੁਰਗ ਲਖਵੰਤ ਸਿੰਘ (61) 'ਤੇ ਆਪਣੀ ਕਾਰ ਚੜ੍ਹਾ ਦਿੱਤੀ ਅਤੇ 'ਆਪਣੇ ਦੇਸ਼ ਵਾਪਸ ਜਾਓ' ਦੇ ਨਾਅਰੇ ਲਾਏ। ਇਸ ਅਚਨਚੇਤ ਕਾਰ ਹਮਲੇ ਕਾਰਨ ਬਜ਼ੁਰਗ ਦੀ ਬਾਂਹ ਟੁੱਟ ਗਈ, ਪਸਲੀਆਂ ਨੂੰ ਵੀ ਕਾਫ਼ੀ ਨੁਕਸਾਨ ਪੁੱਜਾ। ਉਸ ਦੀ ਰੀੜ੍ਹ ਦੀ ਹੱਡੀ 'ਚ ਵੀ ਫਰੈਕਚਰ ਹੋਇਆ ਹੈ ਅਤੇ ਸਰੀਰ ਵਿੱਚੋਂ ਖ਼ੂਨ ਵੀ ਕਾਫ਼ੀ ਨਿਕਲ ਰਿਹਾ ਸੀ। ਇਸ ਹਮਲੇ ਨੂੰ ਨਸਲੀ ਹਮਲੇ ਵਜੋਂ ਦੇਖਿਆ ਜਾ ਰਿਹਾ ਅਤੇ ਜਾਂਚ ਕੀਤੀ ਜਾ ਰਹੀ ਹੈ।

ਹਮਲਾ ਕਰਨ ਵਾਲੇ ਐਰਿਕ ਕੀਮੈਨ (36) ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਨੂੰ ਕਤਲ ਦੀ ਕੋਸ਼ਿਸ਼, ਪਹਿਲੀ ਡਿਗਰੀ ਹਮਲੇ ਤੇ ਗੰਭੀਰ ਜ਼ਖ਼ਮੀ ਹੋਣ ਦੇ ਕਾਰਨ ਘਟਨਾ ਸਥਾਨ ਤੋਂ ਫਰਾਰ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਾਊਂਟੀ ਦੇ ਵਕੀਲ ਨੇ ਕਿਹਾ ਕਿ ਹਮਲਾ ਕਰਨ ਦਾ ਮਤਲਬ ਨਸਲੀ ਹਿੰਸਾ ਸੀ ਜਾਂ ਕੁਝ ਹੋਰ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਬਜ਼ੁਰਗ ਲਖਵੰਤ ਸਿੰਘ ਹਸਪਤਾਲ 'ਚ ਜ਼ੇਰੇ ਇਲਾਜ ਹੈ।

# ਸਿੰਗਾਪੁਰ ਵਿੱਚ ਪੰਜਾਬੀ ਵਿਦਿਆਰਥੀਆਂ ਨੇ ਪਾਰਟੀ ਕੀਤੀ, 10 ਨੂੰ ਜੁਰਮਾਨਾ




ਸਿੰਗਾਪੁਰ, 16 ਜੂਨ (ਪੋਸਟ ਬਿਊਰੋ)- ਏਥੋਂ ਦੀ ਇੱਕ ਅਦਾਲਤ ਨੇ ਕੋਵਿਡ 19 ਦਾ ਪਸਾਰ ਰੋਕਣ ਲਈ ਦੇਸ਼ ਵਿੱਚ ਲਾਏ ਗਏ ਸਰਕਿਟ ਬ੍ਰੇਕਰ ਨਿਯਮ ਦਾ ਉਲੰਘਣ ਕਰ ਕੇ ਕਿਰਾਏ ਦੇ ਇੱਕ ਘਰ ਵਿੱਚ ਸਮਾਗਮ ਵਿੱਚ ਸ਼ਾਮਲ ਹੋਣ 'ਤੇ ਇੱਕ ਭਾਰਤੀ ਵਿਦਿਆਰਥੀ ਜਸਟੀਨਾ ਭੁੱਲਰ ਨੂੰ ਕੱਲ੍ਹ 1400 ਅਮਰੀਕੀ ਡਾਲਰ ਤੋਂ ਵੱਧ ਜੁਰਮਾਨਾ ਕੀਤਾ ਹੈ। ਇਸ ਕੇਸ ਵਿੱਚ ਨੌਂ ਵਿਦਿਆਰਥੀਆਂ 'ਤੇ ਵੀ ਕੁਝ ਦਿਨ ਪਹਿਲਾਂ ਜੁਰਮਾਨਾ ਲੱਗ ਚੁੱਕਾ ਹੈ।

ਅਦਾਲਤ ਨੇ ਜਸਟੀਨਾ ਭੁੱਲਰ (23) ਨੂੰ ਕੋਵਿਡ 19 (ਅਸਥਾਈ ਉਪਾਅ ਐਕਟ) ਦਾ ਦੋਸ਼ੀ ਮੰਨਿਆ ਹੈ। ਇਸ ਐਕਟ ਹੇਠ ਪਹਿਲੀ ਵਾਰ ਅਪਰਾਧ ਕਰਨ ਉੱਤੇ ਛੇ ਮਹੀਨੇ ਤੱਕ ਜੇਲ੍ਹ ਅਤੇ 10 ਹਜ਼ਾਰ ਸਿੰਗਾਪੁਰੀ ਡਾਲਰ (7,163 ਅਮਰੀਕੀ ਡਾਲਰ) ਤੱਕ ਜੁਰਮਾਨਾ ਹੋ ਸਕਦਾ ਹੈ। ਦੂਸਰੀ ਵਾਰ ਗਲਤੀ ਉੱਤੇ ਇੱਕ ਸਾਲ ਦੀ ਕੈਦ ਅਤੇ ਵੀਹ ਹਜ਼ਾਰ ਸਿੰਗਾਪੁਰੀ ਡਾਲਰ ਜੁਰਮਾਨਾ ਹੋ ਸਕਦਾ ਹੈ। ਜਸਟੀਨਾ ਭੁੱਲਰ ਉਨ੍ਹਾਂ 10 ਭਾਰਤੀਆਂ ਵਿਦਿਆਰਥੀਆਂ ਵਿੱਚ ਸ਼ਾਮਲ ਸੀ, ਜੋ ਪੰਜ ਮਈ ਨੂੰ ਇੱਕ ਅਪਾਰਟਮੈਂਟ ਵਿੱਚ ਇਕੱਠੇ ਹੋਏ ਸਨ। ਸਰਕਿਟ ਬ੍ਰੇਕਰ ਦੌਰਾਨ ਦੇਸ਼ ਵਿੱਚ ਘਰ ਮਹਿਮਾਨਾਂ ਨੂੰ ਬੁਲਾਉਣਾ ਜਾਂ ਸਮਾਜਕ ਮਕਸਦ ਨਾਲ ਮਿਲਣਾ ਅਪਰਾਧ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਨੌਂ ਭਾਰਤੀ ਵਿਦਿਆਰਥੀਆਂ ਨੂੰ ਇੱਕੋ ਜਿਹੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਉਂਦੇ ਹੋਏ ਉਨ੍ਹਾਂ 'ਤੇ 2500 ਤੋਂ 4500 ਸਿੰਗਾਪੁਰੀ ਡਾਲਰ ਤੱਕ ਜੁਰਮਾਨਾ ਲਾਇਆ ਗਿਆ ਸੀ। ਅਦਾਲਤ ਨੇ ਜਸਟੀਨਾ 'ਤੇ 2000 ਸਿੰਗਾਪੁਰੀ ਡਾਲਰ ਦਾ ਜੁਰਮਾਨਾ ਲਾਇਆ। ਉਪ ਸਰਕਾਰੀ ਵਕੀਲ ਸਟੇਫਨੀ ਕੋਹ ਨੇ ਕਿਹਾ ਕਿ ਅਵਿਨਾਸ਼ ਕੌਰ, ਨਵਦੀਪ ਸਿੰਘ ਤੇ ਸਜਨਦੀਪ ਸਿੰਘ ਤਿੰਨ ਕਮਰਿਆਂ ਦੇ ਕਿਰਾਏ ਦੇ ਘਰ ਵਿੱਚ ਰਹਿੰਦੇ ਸਨ। ਨਵਦੀਪ ਅਤੇ ਸਜਨਦੀਪ ਨੇ ਪੰਜ ਮਈ ਨੂੰ ਆਪਣੇ ਛੇ ਮਰਦ ਦੋਸਤਾਂ ਨੂੰ ਘਰ ਸੱਦਿਆ।

### ਚੀਨ ਦੇ ਪ੍ਰੋਫੈਸਰ ਵੱਲੋਂ ਸੁਝਾਅ

# ਇੱਕ ਬੱਚਾ ਨੀਤੀ ਨਾਲ ਨਿਪਟਣ ਦੇ ਲਈ ਚੀਨ ਵਿੱਚ ਔਰਤਾਂ ਨੂੰ ਦੋ ਪਤੀ ਰੱਖਣ ਦੀ ਖੁੱਲ੍ਹ ਦਿਓ



ਬੀਜਿੰਗ, 16 ਜੂਨ (ਪੋਸਟ ਬਿਊਰੋ)- ਚੀਨ ਦੀ ਕਈ ਦਹਾਕੇ ਪੁਰਾਣੀ ਇੱਕ ਬੱਚਾ ਨੀਤੀ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਸ਼ੰਘਾਈ ਦੀ ਫੁਡਾਨ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੇ ਅਜੀਬ ਸੁਝਾਅ ਦਿੱਤਾ ਹੈ।

ਇਕਨੋਮਿਕਸ ਦੇ ਪ੍ਰੋਫੈਸਰ ਇਊ-ਕਵਾਂਗ ਐਨਜੀ ਨੇ ਕਿਹਾ ਹੈ ਕਿ ਚੀਨ ਵਿੱਚ ਔਰਤਾਂ ਨੂੰ ਇੱਕ ਤੋਂ ਵੱਧ ਪਤੀ ਰੱਖਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਇਹ ਗਿਣਤੀ ਆਦਰਸ਼ ਰੂਪ ਤੋਂ ਦੋ ਹੋ ਸਕਦੀ ਹੈ। ਇਸ ਤਰ੍ਹਾਂ ਉਨ੍ਹਾਂ ਦੇ ਜ਼ਿਆਦਾ ਬੱਚੇ ਹੋ ਸਕਣਗੇ। ਪ੍ਰੋਫੈਸਰ ਨੇ ਇੱਕ ਬਿਜ਼ਨਸ ਵੈੱਬਸਾਈਟ 'ਤੇ ਲਿਖੇ ਆਪਣੇ ਕਾਲਮ ਵਿੱਚ ਇਹ ਸੁਝਾਅ ਦਿੱਤਾ ਹੈ। ਇਸ ਦਾ ਸਿਰਲੇਖ ਹੈ, 'ਕੀ ਬਹੁ-ਪਤੀ ਅਸਲ ਵਿੱਚ ਹਾਸੋਹੀਣਾ ਵਿਚਾਰ ਹੈ?' ਕਵਾਂਗ ਨੇ ਲਿਖਿਆ, 'ਜੇ ਲਿੰਗ ਅਨੁਪਾਤ ਇੰਨਾ ਅਸੰਤੁਲਿਤ ਨਾ ਹੁੰਦਾ ਤਾਂ ਮੈਂ ਪੋਲੈਂਡਰੀ (ਇੱਕ ਤੋਂ ਵੱਧ ਪਤੀ ਰੱਖਣ) ਦਾ ਸੁਝਾਅ ਨਾ ਦੇਂਦਾ। ਮੈਂ ਬਹੁ-ਪਤੀ ਦੀ ਵਕਾਲਤ ਨਹੀਂ ਕਰ ਰਿਹਾ, ਮੈਂ ਸਿਰਫ ਸੁਝਾਅ ਦੇ ਰਿਹਾ ਹਾਂ ਕਿ ਸਾਨੂੰ ਅਸੰਤੁਲਿਤ ਲਿੰਗ ਅਨੁਪਾਤ ਦੇ ਬਦਲ 'ਤੇ ਵਿਚਾਰ ਕਰਨਾ ਚਾਹੀਦਾ ਹੈ।' ਵਰਣਨ ਯੋਗ ਹੈ ਕਿ ਇੱਕ ਬੱਚਾ ਨੀਤੀ 1980 ਤੋਂ ਲਾਗੂ ਹੈ। ਇਸ ਨੂੰ 2016 ਵਿੱਚ ਬੰਦ ਕੀਤਾ ਗਿਆ ਸੀ। ਘੱਟ ਗਿਣਤੀਆਂ 'ਤੇ ਬੱਚਿਆਂ ਦੀ ਗਿਣਤੀ ਦੀ ਪਾਬੰਦੀ ਨਹੀਂ। ਦਿਹਾਤੀ ਇਲਾਕਿਆਂ ਵਿੱਚ ਰਹਿਣ ਵਾਲੇ ਹਾਨ ਮੂਲ ਦੇ ਨਾਗਰਿਕਾਂ ਨੂੰ ਦੋ ਬੱਚਿਆਂ ਦੀ ਛੋਟ ਸੀ। ਦਿਵਿਆਂਗ ਬੱਚਾ ਪੈਦਾ ਹੋਣ 'ਤੇ ਵੀ ਛੋਟ ਸੀ। ਪ੍ਰੋਫੈਸਰ ਕਵਾਂਗ ਦੇ ਮੁਤਾਬਕ ਹਾਲੇ ਚੀਨ ਵਿੱਚ ਲਿੰਗ ਅਨੁਪਾਤ 117 : 100 ਹੈ। ਅਜਿਹੇ ਵਿੱਚ ਭਵਿੱਖ ਵਿੱਚ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ।

# ਨੇਤਨਯਾਹੂ ਨੇ ਮੁਕੱਦਮੇ ਦੀ ਫੀਸ ਲਈ ਦੋਸਤਾਂ ਤੋਂ ਮਦਦ ਮੰਗੀ

ਯੇਰੂਸ਼ਲਮ, 16 ਜੂਨ (ਪੋਸਟ ਬਿਊਰੋ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕੇਸ ਦੀ ਫੀਸ ਦੇਣ ਲਈ ਇੱਕ ਵਾਰ ਫਿਰ ਆਪਣੇ ਧਨੀ ਦੋਸਤਾਂ ਦਾ ਦਰਵਾਜ਼ਾ ਖੜਕਾਇਆ ਹੈ। ਖਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਇਹ ਕਦਮ ਓਦੋਂ ਚੁੱਕਿਆ ਜਦੋਂ ਉਨ੍ਹਾਂ ਖਿਲਾਫ ਪਹਿਲਾਂ ਹੀ ਆਪਣੇ ਧਨੀ ਦੋਸਤਾਂ ਤੋਂ ਮਹਿੰਗੇ ਤੋਹਫੇ ਲੈਣ ਦੇ ਮਾਮਲੇ ਵਿੱਚ ਅਦਾਲਤ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਸੁਣਵਾਈ ਚੱਲ ਰਹੀ ਹੈ।

ਨੇਤਨਯਾਹੂ ਨੇ ਇਜ਼ਰਾਈਲ ਦੀ ਨਿਗਰਾਨੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਸਪੈਂਸਰ ਪੈਟ੍ਰਿਕ ਨੂੰ ਕੇਸ ਦੀ ਫੀਸ ਵਜੋਂ 29 ਲੱਖ ਡਾਲਰ (22 ਕਰੋੜ ਰੁਪਏ ਤੋਂ ਵੱਧ) ਦੇਣ, ਕਿਉਂਕਿ ਪੈਟ੍ਰਿਕ ਨੇਤਨਯਾਹੂ ਨਾਲ ਜੁੜੇ ਇੱਕ ਕੇਸ ਵਿੱਚ ਗਵਾਹ ਵੀ ਹਨ। ਇਸ ਲਈ ਕਮੇਟੀ ਨੇ ਦੇਸ਼ ਦੇ ਅਟਾਰਨੀ ਜਨਰਲ ਤੋਂ ਸਲਾਹ ਮੰਗੀ ਹੈ। ਵਰਨਣ ਯੋਗ ਹੈ ਕਿ ਸਪੈਂਸਰ ਪੈਟ੍ਰਿਕ ਮਿਸ਼ੀਗਨ ਵਿੱਚ ਰਹਿੰਦੇ ਹਨ ਅਤੇ ਇਨ੍ਹਾਂ ਦਾ ਰੀਅਲ ਅਸਟੇਟ ਦਾ ਵੱਡਾ ਕਾਰੋਬਾਰ ਹੈ। ਇੱਕ ਦੋਸਤ ਤੋਂ ਵਿੱਤੀ ਸਹਾਇਤਾ ਲਈ ਅਪੀਲ ਕਰਨਾ ਨਾਜਾਇਜ਼ ਨਹੀਂ ਤੇ ਇਜ਼ਰਾਈਲ ਦੇ ਰਾਜਨੇਤਾਵਾਂ ਦੇ ਵਿਦੇਸ਼ਾਂ ਵਿੱਚ ਵਸੇ ਯਹੂਦੀਆਂ ਨਾਲ ਲੰਬੇ ਅਰਸੇ ਤੋਂ ਸੰਬੰਧ ਹਨ, ਪਰ ਗੱਲ ਕਿਉਂਕਿ ਨੇਤਨਯਾਹੂ ਨਾਲ ਜੁੜੀ ਹੈ, ਇਸ ਲਈ ਪੂਰੇ ਦੇਸ਼ ਵਿੱਚ ਚਰਚਾ ਹੋ ਰਹੀ ਹੈ। ਨੇਤਨਯਾਹੂ 'ਤੇ ਧੋਖਾਧੜੀ, ਵਿਸ਼ਵਾਸ ਤੋੜਨ ਤੇ ਰਿਸ਼ਵਤ ਲੈਣ ਦੇ ਕਈ ਦੋਸ਼ ਹਨ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਮੇਰਾ ਪਹਿਲਾ ਕਿਸਿੰਗ ਸੀਨ ਹੈ ਇਹ : ਆਸ਼ਾ ਨੇਗੀ



ਆਸ਼ਾ ਨੇਗੀ ਟੈਲੀਵਿਜ਼ਨ ਦਾ ਜਾਣਿਆ-ਪਛਾਣਿਆ ਨਾਂਅ ਹੈ। ਆਸ਼ਾ ਨੇ ਏਕਤਾ ਕਪੂਰ ਦੇ ਸ਼ੋਅ 'ਪਵਿੱਤਰ ਰਿਸ਼ਤਾ' ਨਾਲ ਅਭਿਨੈ ਦੀ ਸ਼ੁਰੂਆਤ ਕਰਦਿਆਂ ਇੱਕ ਲੰਬਾ ਰਸਤਾ ਤੈਅ ਕੀਤਾ ਹੈ। ਉਨ੍ਹਾਂ ਦਾ ਵੈੱਬ ਸ਼ੋਅ 'ਬਾਰਿਸ਼ ਸੀਜ਼ਨ 2' ਵੀ ਪਬਲਿਕ ਡਿਮਾਂਡ 'ਤੇ ਵਾਪਸ ਆ ਰਿਹਾ ਹੈ। ਪੇਸ਼ ਹਨ ਆਸ਼ਾ ਨੇਗੀ ਨਾਲ ਗੱਲਬਾਤ ਦੇ ਕੁਝ ਅੰਸ਼ :

* ਇਸ ਸ਼ੋਅ ਨਾਲ ਮੰਨੀਏ ਕਿ ਜਤਿੰਦਰ ਅਭਿਨੈ ਦੀ ਦੁਨੀਆ ਵਿੱਚ ਵਾਪਸੀ ਕਰ ਰਹੇ ਹਨ। ਉਨ੍ਹਾਂ ਨਾਲ ਕੰਮ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?

– ਬਹੁਤ ਮਜ਼ੇਦਾਰ ਤਜਰਬਾ ਰਿਹਾ। ਜੀਤੂ ਜੀ ਇੰਨੇ ਕਿਊਟ ਹਨ ਕਿ ਜਦੋਂ ਲਾਈਨਾਂ ਬੋਲਦੇ ਤਾਂ ਪੁੱਛਦੇ ਕਿ ਸਹੀ ਹੋਇਆ ਜਾਂ ਨਹੀਂ, ਤੁਸੀਂ ਲੋਕ ਬਹੁਤ ਮਾਹਿਰ ਹੋ ਅਭਿਨੈ 'ਚ। ਬੱਸ ਸਾਡੇ ਸਾਰਿਆਂ ਦੇ ਸੈੱਟ 'ਤੇ ਬੈਠਣਾ ਉਨ੍ਹਾਂ ਨੂੰ ਇੰਨਾ ਪਸੰਦ ਸੀ ਕਿ ਆਪਣੀ ਵੈਨ 'ਚ ਜਾਣਾ ਪਸੰਦ ਨਹੀਂ ਕਰਦੇ, ਪਰ ਨਿਰਦੇਸ਼ਿਕਾ ਜੋੜੀ ਸੋਚਣ ਲੱਗ ਜਾਂਦੀ ਹੈ ਕਿ ਉਹ ਉਨ੍ਹਾਂ ਨੂੰ ਕਿਵੇਂ ਕੁਝ ਕਹੇ, ਪਰ ਉਹ ਤੁਰੰਤ ਉਨ੍ਹਾਂ ਤੋਂ ਵੀ ਇਜਾਜ਼ਤ ਲੈ ਲਿਆ ਕਰਦੇ। ਪ੍ਰੋਡਿਊਸਰ ਹੋਣ ਦਾ ਅਹਿਸਾਸ ਬਿਲਕੁਲ ਵੀ ਨਹੀਂ ਕਰਾਉਂਦੇ ਸਨ। ਬਹੁਤ ਸੌਖੇ-ਸਿੱਧੇ ਵਿਚਾਰਾਂ ਦੇ ਜੀਤੂ ਜੀ ਨੇ ਸਾਨੂੰ ਆਪਣੇ ਸਮੇਂ ਦੀਆਂ ਢੇਰਾਂ ਕਹਾਣੀਆਂ ਵੀ ਸੁਣਾਈਆਂ ਅਤੇ ਕਿਸ ਤਰ੍ਹਾਂ ਉਹ ਸ਼ਰਾਰਤਾਂ ਕਰਦੇ, ਇਹ ਸਭ ਵੀ ਸੁਣਾਇਆ।

* ਤੁਸੀਂ 'ਬਾਰਿਸ਼ ਸੀਜ਼ਨ 2' ਵਿੱਚ ਕਿਸਿੰਗ ਦ੍ਰਿਸ਼ ਵੀ ਦਿੱਤਾ ਹੈ, ਕਿਹੋ ਜਿਹਾ ਤਜਰਬਾ ਰਿਹਾ?

– ਸਕਰੀਨ 'ਤੇ ਮੈਂ ਕਿਸਿੰਗ ਦ੍ਰਿਸ਼ ਪਹਿਲੀ ਵਾਰ ਦਿੱਤਾ ਹੈ। ਥੋੜ੍ਹੀ ਨਰਵਸ ਸੀ ਹੀ ਅਤੇ ਕਿੰਨੇ ਮਿੰਟ ਦਾ ਸੀਨ ਹੈ ਇਹ ਤਾਂ ਮੈਨੂੰ ਬਿਲਕੁਲ ਵੀ ਯਾਦ ਨਹੀਂ। ਮੈਨੂੰ ਕੱਲ੍ਹ ਡਿਨਰ 'ਚ ਕੀ ਖਾਧਾ ਉਹ ਵੀ ਯਾਦ ਨਹੀਂ ਰਹਿੰਦਾ, ਇਹ ਬਿਲਕੁਲ ਵੀ ਯਾਦ ਨਹੀਂ ਕਿ ਕਿੰਨੇ ਮਿੰਟ ਲੱਗੇ ਇਸ ਕਿਸਿੰਗ ਸੀਨ ਨੂੰ ਕਰਨ 'ਚ। ਹਾਂ, ਇੰਨਾ ਜ਼ਰੂਰ ਕਹਿ ਸਕਦੀ ਹਾਂ ਕਿ ਇਹ ਸੀਨ ਦੋ-ਤਿੰਨ ਟੇਕਸ ਵਿੱਚ ਪੂਰਾ ਕੀਤਾ ਸੀ।

* ਤੁਸੀਂ ਫਿਲਮ 'ਲੁੱਡੋ' ਨਾਲ ਡੈਬਿਊ ਕਰ ਰਹੇ ਹੋ। ਇੰਨਾ ਸਮਾਂ ਕਿਉਂ ਲੱਗ ਗਿਆ ਫਿਲਮਾਂ 'ਚ ਐਂਟਰੀ ਲਈ?

– ਫਿਲਮ 'ਲੁੱਡੋ' ਨਾਲ ਡੈਬਿਊ ਕਰਨ 'ਤੇ ਬਹੁਤ ਉਤਸ਼ਾਹਤ ਮਹਿਸੂਸ ਹੋ ਰਿਹਾ ਹੈ। ਲੇਟ ਜਾਂ ਜਲਦੀ ਕੀ ਹੁੰਦਾ ਹੈ? ਜਦੋਂ ਜਦੋਂ, ਜੋ-ਜੋ ਹੋਣਾ ਹੈ ਉਹ ਅਟੱਲ ਹੈ। ਇਸ ਲਈ ਮੈਨੂੰ ਨਹੀਂ ਲੱਗਦਾ ਕਿ ਮੈਂ ਫਿਲਮਾਂ 'ਚ ਲੇਟ ਡੈਬਿਊ ਕਰ ਰਹੀ ਹਾਂ।

* ਕੀ ਇਹ ਸਪੋਰਟ ਫਿਲਮ ਹੈ?

– ਇਹ ਸਪੋਰਟ ਫਿਲਮ ਨਹੀਂ ਹੈ। ਜ਼ਿਆਦਾ ਕੁਝ ਫਿਲਮ ਬਾਰੇ ਨਹੀਂ ਦੱਸਾਂਗੀ। ਇਹ ਫਿਲਮ ਨਿਰਦੇਸ਼ਕ ਅਨੁਰਾਗ ਬਾਸੂ ਦੇ ਨਿਰਦੇਸ਼ਨ 'ਚ ਬਣ ਰਹੀ ਹੈ। ਸਾਡੀ ਫਿਲਮ 'ਲੁੱਡੋ' ਦਾ ਟ੍ਰੇਲਰ ਲਾਂਚ ਅਪ੍ਰੈਲ 2020 ਨੂੰ ਤੈਅ ਕੀਤਾ ਗਿਆ ਸੀ, ਪਰ ਲਾਕਡਾਊਨ ਦੇ ਕਾਰਨ ਅਸੀਂ ਟ੍ਰੇਲਰ ਲਾਂਚ ਅਤੇ ਇਸ ਫਿਲਮ ਦੀ ਅਨਾਊਂਸਮੈਂਟ ਨਹੀਂ ਕਰ ਸਕੇ। ਇਸ ਲਈ ਮੈਂ ਫਿਲਮ ਬਾਰੇ ਜ਼ਿਆਦਾ ਕੁਝ ਨਹੀਂ ਸ਼ੇਅਰ ਕਰ ਸਕਦੇ।

* ਫਿਲਮ 'ਲੁੱਡੋ' ਦੀ ਸ਼ੂਟਿੰਗ ਕਿੱਥੇ-ਕਿੱਥੇ ਹੋਈ ਅਤੇ ਕਿੰਨੀ ਸ਼ੂਟਿੰਗ ਹੋ ਚੁੱਕੀ ਹੈ?

–ਇਸ ਬਾਰੇ ਮੈਂ ਇੰਨਾ ਹੀ ਕਹਿ ਸਕਾਂਗੀ ਕਿ ਮੇਰੀ ਸ਼ੂਟਿੰਗ ਬਾਰੇ ਤੁਹਾਨੂੰ ਨਿਰਦੇਸ਼ਕ ਅਨੁਰਾਗ ਬਾਸੂ ਹੀ ਦੱਸ ਸਕਣਗੇ। ਫਿਲਮ ਅਜੇ ਬਹੁਤ ਬਾਕੀ ਹੈ। ਮੈਂ ਅਭਿਸ਼ੇਕ ਬੱਚਨ ਦੇ ਨਾਲ ਕੰਮ ਕਰ ਰਹੀ ਹਾਂ। ਅਭਿਸ਼ੇਕ ਬੱਚਨ ਬਹੁਤ ਹੀ ਸਿੱਧੇ ਅਤੇ ਸਿੰਪਲ ਵਿਅਕਤੀਤਵ ਦੇ ਮਾਲਕ ਹਨ। ਜਿਵੇਂ ਹੀ ਪਹਿਲੇ ਦਿਨ ਮੈਨੂੰ ਮਿਲੇ ਤਾਂ ਖੁਦ ਮੈਨੂੰ ਉਨ੍ਹਾਂ ਨੇ ਹੈਲੋ ਕਿਹਾ। ਇਹ ਉਨ੍ਹਾਂ ਦੀ ਸਭਿਅਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਇਸ ਵਿਹਾਰ ਨਾਲ ਮੈਨੂੰ ਥੋੜ੍ਹਾ ਕੰਫਰਟੇਬਲ ਵੀ ਲੱਗਾ।

* 'ਲੁੱਡੋ' ਦਾ ਟ੍ਰੇਲਰ ਟਲ ਗਿਆ ਤਾਂ ਦੁੱਖ ਹੋਇਆ ਹੋਵੇਗਾ ਤੁਹਾਨੂੰ?

–ਜੀ, ਪਰ ਪੂਰੀ ਦੁਨੀਆ 'ਚ ਮਹਾਂਮਾਰੀ ਦਾ ਜੋ ਮਾਹੌਲ ਇਸ ਸਮੇਂ ਚੱਲ ਰਿਹਾ ਹੈ ਉਸ ਦੇ ਮੱਦੇਨਜ਼ਰ ਬਾਕੀ ਸਾਰੀਆਂ ਚੀਜ਼ਾਂ ਮਹੱਤਵਪੂਰਨ ਨਹੀਂ ਹਨ। ਮੈਨੂੰ ਪਤਾ ਹੈ ਕਿ ਜਿਵੇਂ ਹੀ ਲਾਕਡਾਊਨ ਖਤਮ ਹੋਵੇਗਾ ਸਾਡੀ ਫਿਲਮ ਵਾਪਸ ਟ੍ਰੈਕ 'ਤੇ ਆ ਜਾਵੇਗੀ। ਮੇਰਾ ਇਹ ਮੰਨਣਾ ਹੈ ਕਿ ਜੋ-ਜੋ ਜਿਸ ਸਮੇਂ ਹੋਣਾ ਹੈ ਸਭ ਸਹੀ ਸਮੇਂ 'ਤੇ ਹੀ ਹੋ ਜਾਵੇਗਾ।

# ਐਕਟਿੰਗ ਤੋਂ ਦੂਰ ਰਹਿ ਸਕਣਾ ਮੁਸ਼ਕਲ ਹੁੰਦਾ ਹੈ : ਚੰਦਰਚੂੜ ਸਿੰਘ



ਕਾਫੀ ਸਮੇਂ ਦੇ ਬਾਅਦ ਅਭਿਨੇਤਾ ਚੰਦਰਚੂੜ ਸਿੰਘ ਵੈੱਬ ਸ਼ੋਅ 'ਆਰੀਆ' ਵਿੱਚ ਨਜ਼ਰ ਆਉਣਗੇ। 19 ਜੂਨ ਤੋਂ ਡਿਜ਼ਨੀ ਪਲੱਸ ਹੌਟਸਟਾਰ 'ਤੇ ਆਉਣ ਵਾਲੇ ਇਸ ਸ਼ੋਅ ਦਾ ਨਿਰਦੇਸ਼ਨ 'ਨੀਰਜਾ' ਫੇਮ ਰਾਮ ਮਾਧਵਾਨੀ, ਸੰਦੀਪ ਮੋਦੀ ਅਤੇ ਵਿਨੋਦ ਰਾਵਤ ਨੇ ਕੀਤਾ ਹੈ। ਐਕਟਿੰਗ ਤੋਂ ਦੂਰੀ, ਸ਼ੋਅ ਨਾਲ ਜੁੜਨ ਅਤੇ ਆਪਣੇ ਸਫਰ 'ਤੇ ਚੰਦਰਚੂੜ ਨੇ ਗੱਲ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼ :

* ਬਤੌਰ ਐਕਟਰ ਕੀ ਖੁਦ ਨੂੰ ਐਕਟਿੰਗ ਤੋਂ ਦੂਰ ਰੱਖ ਸਕਣਾ ਆਸਾਨ ਰਿਹਾ?

– ਮੈਂ ਵਿਧੀ ਦਾ ਵਿਧਾਨ ਬਹੁਤ ਮੰਨਦਾ ਹਾਂ। ਮੈਂ ਗਾਉਂਦਾ ਵੀ ਹਾਂ। ਕਲਾਕਾਰ ਆਪਣੀ ਰਚਨਾ ਰਾਹੀਂ ਖੁਦ ਨੂੰ ਬਿਜ਼ੀ ਕਰਨਾ ਚਾਹੁੰਦਾ ਹੈ। ਅਜਿਹੇ ਵਿੱਚ ਕਲਾਕਾਰ ਲਈ ਖੁਦ ਨੂੰ ਐਕਟਿੰਗ ਤੋਂ ਦੂਰ ਰੱਖ ਸਕਣਾ ਮੁਸ਼ਕਲ ਤਾਂ ਹੁੰਦਾ ਹੈ। ਇਹ ਸਮੇਂ ਦੇ ਮੁਤਾਬਕ ਹੁੰਦਾ ਹੈ। ਇਸ ਲਈ ਕਲਾਕਾਰ ਨੂੰ ਕ੍ਰਿਏਟੀਵਿਟੀ ਨੂੰ ਜਾਗ੍ਰਤ ਰੱਖਣਾ ਪੈਂਦਾ ਹੈ। ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਵੀ ਆਉਂਦੇ ਰਹਿੰਦੇ ਹਨ। ਸਾਨੂੰ ਸਹੀ ਸਮੇਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਦੇ ਨਾਲ ਅਨੁਭਵ ਇਨਸਾਨ ਨੂੰ ਪਰਪੱਕ ਬਣਾਉਂਦੇ ਹਨ। ਇਹੀ ਅਨੁਭਵ ਐਕਟਿੰਗ ਕਰਦੇ ਸਮੇਂ ਸਕਰੀਨ 'ਤੇ ਨਿਖਰ ਕੇ ਸਾਹਮਣੇ ਆਉਂਦੇ ਹਨ।

* 'ਆਰੀਆ' ਨਾਲ ਜੁੜਨ ਦੀ ਕਹਾਣੀ ਕੀ ਰਹੀ?

–ਮੈਂ ਉਸ ਸਮੇਂ ਦੇਹਰਾਦੂਨ ਵਿੱਚ ਸੀ। ਆਪਣੇ ਬੇਟੇ ਦੇ ਪੇਪਰਾਂ ਲਈ ਉਸ ਨੂੰ ਲੈ ਕੇ ਉਥੇ ਗਿਆ ਸੀ। ਉਥੇ ਰਾਮ ਮਾਧਵਾਨੀ ਦੇ ਦਫਤਰ ਤੋਂ ਫੋਨ ਆਇਆ। ਫਿਰ ਮੇਰਾ ਆਡੀਸ਼ਨ ਹੋਇਆ। ਇਸ ਦੇ ਬਾਅਦ ਮੈਨੂੰ ਮੁੰਬਈ ਬੁਲਾਇਆ ਗਿਆ। ਉਥੇ ਐਕਟਿੰਗ ਦੀ ਵਰਕਸ਼ਾਪ ਰੱਖੀ ਗਈ ਸੀ। ਉਸ ਦੇ ਤਕਰੀਬਨ ਇੱਕ ਹਫਤੇ ਬਾਅਦ ਅਸੀਂ ਸ਼ੂਟਿੰਗ ਸ਼ੁਰੂ ਕਰ ਦਿੱਤੀ ਸੀ। ਰਾਮ ਮਾਧਵਾਨੀ ਬਿਹਤਰੀਨ ਫਿਲਮਮੇਕਰ ਹਨ। ਮੈਂ ਉਨ੍ਹਾਂ ਦੇ ਤੇ ਸੁਸ਼ਮਿਤਾ ਸੇਨ ਦੇ ਨਾਲ ਕੰਮ ਕਰਨਾ ਚਾਹੁੰਦਾ ਸੀ। ਇਹੀ ਕਾਰਨ ਹੈ ਕਿ ਇਸ ਪ੍ਰੋਜੈਕਟ ਦਾ ਹਿੱਸਾ ਬਣਿਆ।

* ਤਿੰਨ ਡਾਇਰੈਕਟਰਾਂ ਦੇ ਨਾਲ ਕੰਮ ਕਰਨ ਦਾ ਤੁਹਾਡਾ ਅਨੁਭਵ ਕਿਹੋ ਜਿਹਾ ਰਿਹਾ?

– ਤਿੰਨਾਂ ਡਾਇਰੈਕਟਰਾਂ ਨਾਲ ਇਕੱਠੇ ਇਸ ਤੋਂ ਪਹਿਲਾਂ ਵੀ ਕਈ ਪ੍ਰੋਜੈਕਟਾਂ ਵਿੱਚ ਕੰਮ ਕੀਤਾ ਹੈ। ਉਹ ਇੱਕ-ਦੂਸਰੇ ਨੂੰ ਚੰਗੀ ਤਰ੍ਹਾਂ ਨਾਲ ਸਮਝਦੇ ਹਨ। ਉਨ੍ਹਾਂ ਦੇ ਦਿਲ ਜੁੜੇ ਹੋਏ ਸਨ ਤੇ ਸਕੂਲ ਇੱਕੋ ਸੀ। ਲਿਹਾਜ਼ਾ ਕੋਈ ਦਿੱਕਤ ਨਹੀਂ ਹੋਈ। ਸਭ ਨੇ ਰਾਮ ਮਾਧਵਾਨੀ ਸਕੂਲ ਦੀ ਤਰ੍ਹਾਂ ਕੰਮ ਕੀਤਾ। ਹਰ ਕੰਮ ਯੋਜਨਾਬੱਧ ਤਰੀਕੇ ਨਾਲ ਹੁੰਦਾ ਸੀ। ਕਿਤੇ ਕਨਫਿਊਜ਼ਨ ਨਹੀਂ ਹੋਈ। ਇਸ ਵੈੱਬ ਸੀਰੀਜ਼ ਨੂੰ ਕਦੇ ਤਿੰਨੇ ਇਕੱਠੇ ਸ਼ੂਟ ਕਰਦੇ ਸਨ। ਕਦੇ ਕੋਈ ਕਿਸੇ ਹਿੱਸੇ ਨੂੰ ਸ਼ੂਟ ਕਰਦਾ ਸੀ, ਕਦੇ ਦੂਸਰੇ ਡਾਇਰੈਕਟਰ ਵੀ ਆ ਕੇ ਥੋੜ੍ਹਾ-ਬਹੁਤ ਨਿਰਦੇਸ਼ ਦੇ ਕੇ ਚਲੇ ਜਾਂਦੇ ਸਨ। ਸਭ ਕਹਾਣੀ ਅਤੇ ਹਾਲਾਤਾਂ 'ਤੇ ਨਿਰਭਰ ਕਰਦਾ ਸੀ ਕਿ ਜ਼ਿਆਦਾ ਭੀੜ ਦੀ ਜ਼ਰੂਰਤ ਹੈ ਜਾਂ ਘੱਟ।

*'ਆਰੀਆ' ਮਜ਼ਬੂਤ ਮਹਿਲਾ ਦੀ ਕਹਾਣੀ ਹੈ। ਤੁਹਾਡੀ ਜ਼ਿੰਦਗੀ ਵਿੱਚ ਸਭ ਤੋਂ ਮਜ਼ਬੂਤ ਮਹਿਲਾ ਕੌਣ ਰਹੀ ਹੈ?

– ਮੇਰੀ ਜ਼ਿੰਦਗੀ ਵਿੱਚ ਮੇਰੀ ਦਾਦੀ, ਨਾਨੀ ਅਤੇ ਮਾਂ ਮਜ਼ਬੂਤ ਮਹਿਲਾਵਾਂ ਰਹੀਆਂ। ਮੈਂ ਬਚਪਨ ਵਿੱਚ ਆਪਣੀ ਦਾਦੀ ਅਤੇ ਨਾਨੀ ਨਾਲ ਕਾਫੀ ਸਮਾਂ ਬਿਤਾਇਆ ਹੈ। ਉਨ੍ਹਾਂ ਦੇ ਕੀਤੇ ਕੰਮਾਂ ਕਰ ਕੇ ਮੇਰੇ ਦਿਲ ਵਿੱਚ ਉਨ੍ਹਾਂ ਦੇ ਲਈ ਇੱਜ਼ਤ ਹੋਰ ਵਧ ਗਈ। ਉਹ ਦਿਆਲੂ ਸੁਭਾਅ ਦੀਆਂ ਸਨ ਅਤੇ ਸਾਰਿਆਂ ਦਾ ਖਿਆਲ ਰੱਖਦੀਆਂ ਸਨ। ਇਹ ਗੁਣ ਮੇਰੀ ਮਾਂ ਵਿੱਚ ਵੀ ਹੈ।

* ਪਿੱਛੇ ਮੁੜ ਕੇ ਦੇਖਣ 'ਤੇ ਕਿਹੜੀਆਂ ਫਿਲਮਾਂ ਦੀਆਂ ਯਾਦਾਂ ਤਾਜ਼ਾ ਕਰੇਦ ਹੋ?

– ਫਿਲਮੀ ਜਗਤ ਵਿੱਚ ਸਭ ਤੋਂ ਵਧੀਆ ਅਨੁਭਵ ਫਿਲਮ 'ਮਾਚਿਸ' ਵਿੱਚ ਗੁਲਜ਼ਾਰ ਸਾਹਿਬ ਦੇ ਨਾਲ ਕੰਮ ਕਰਨ ਦਾ ਰਿਹਾ। ਸੈੱਟ 'ਤੇ ਸੁਖਾਵਾਂ ਮਾਹੌਲ ਬਣਿਆ ਰਿਹਾ ਸੀ। ਉਸ ਦੀ ਥੋੜ੍ਹੀ ਜਿਹੀ ਝਲਕ ਮੈਨੂੰ ਰਾਮ ਮਾਧਵਾਨੀ ਦੇ ਸੈੱਟ 'ਤੇ ਵੀ ਦਿਖਾਈ ਦਿੱਤੀ। ਗੁਲਜ਼ਾਰ ਸਾਹਿਬ ਬਹੁਤ ਚੰਗੇ ਟੀਮ ਲੀਡਰ ਹਨ। ਉਨ੍ਹਾਂ ਨੇ ਇਮਾਨਦਾਰੀ ਨਾਲ ਫਿਲਮ ਬਣਾਈ। ਉਨ੍ਹਾਂ ਹਿੱਟ ਜਾਂ ਫਲਾਪ ਸੋਚ ਕੇ ਫਿਲਮ ਨਹੀਂ ਬਣਾਈ। ਮੇਰੇ ਲਈ ਇਹ ਕ੍ਰਿਏਟਿਵ ਤੌਰ 'ਤੇ ਅਤੇ ਇਮੋਸ਼ਨਲੀ ਸ਼ਾਨਦਾਰ ਰਿਹਾ।

* ਅਰਸ਼ਦ ਵਾਰਸੀ ਦੇ ਨਾਲ ਤੁਸੀਂ ਕਰੀਅਰ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਨਾਲ ਕਰੀਅਰ ਦੀ ਤੁਲਨਾ ਪਰੇਸ਼ਾਨ ਕਰਦੀ ਹੈ?

– ਅਰਸ਼ਦ ਦੇ ਨਾਲ ਕਦੇ-ਕਦੇ ਮੇਲ ਮੁਲਾਕਾਤ ਜਾਂ ਗੱਲਬਾਤ ਹੋ ਜਾਂਦੀ ਹੈ। ਫਿਲਹਾਲ ਉਨ੍ਹਾਂ ਨਾਲ ਗੱਲ ਨਹੀਂ ਹੋਈ ਹੈ। ਮੈਨੂੰ ਤੁਲਨਾ ਵਰਗੀਆਂ ਚੀਜ਼ਾਂ ਪਰੇਸ਼ਾਨ ਨਹੀਂ ਕਰਦੀਆਂ। ਮੈਨੂੰ ਉਨ੍ਹਾਂ ਦਾ ਕੰਮ ਦੇਖ ਕੇ ਖੁਸ਼ੀ ਹੁੰਦੀ ਹੈ। ਅਸੀਂ ਮਿਲੀਏ ਜਾਂ ਨਾ ਮਿਲੀਏ, ਇੱਕ ਦੂਸਰੇ ਪ੍ਰਤੀ ਭਾਵਨਾ ਚੰਗੀ ਹੋਣੀ ਚਾਹੀਦੀ ਹੈ। ਉਨ੍ਹਾਂ ਦਾ ਕੰਮ ਦੇਖ ਕੇ ਮੈਨੂੰ ਮਾਣ ਮਹਿਸੂਸ ਹੁੰਦਾ ਹੈ।

# ਜਾਨ ਤੇ ਦਿਵਿਆ ਸ਼ੂਟਿੰਗ ਲਈ ਤਿਆਰ ਹਨ: ਮਿਲਾਪ ਝਾਵੇਰੀ



ਕਦੇ ਨਾ ਰੁਕਣ ਵਾਲੀ ਮੁੰਬਈ ਨੂੰ ਲਾਕਡਾਊਨ ਪੀਰੀਅਡ ਨੇ ਸੱਤਰ ਦਿਨਾਂ ਤੋਂ ਜ਼ਿਆਦਾ ਤੱਕ ਰੋਕ ਦਿੱਤਾ ਸੀ। ਪਰ ਅੱਗੋਂ ਫਿਰ ਸਭ ਕੁਝ ਲੀਹ 'ਤੇ ਆ ਰਿਹਾ ਹੈ। ਇਸ ਦੇ ਨਾਲ ਫਿਲਮਾਂ ਦੀ ਸ਼ੂਟਿੰਗ ਵੀ ਜਲਦੀ ਸ਼ੁਰੂ ਹੋਣ ਵਾਲੀ ਹੈ ਤੇ ਕਈ ਫਿਲਮਮੇਕਰਸ ਇਸ ਦੀ ਪਲਾਨਿੰਗ ਕਰ ਰਹੇ ਹਨ। ਡਾਇਰੈਕਟਰ ਮਿਲਾਪ ਝਾਵੇਰੀ ਆਪਣੀ ਅਗਲੀ ਫਿਲਮ 'ਸਤਯਮੇਵ ਜਯਤੇ 2' ਦੀ ਤਿਆਰੀ ਵਿੱਚ ਜੁਟ ਗਏ ਹਨ। ਫਿਲਮ ਦੀ ਲੀਡ ਸਟਾਰ ਕਾਸਟ 'ਚੋਂ ਜਾਨ ਅਬਰਾਹਮ ਅਤੇ ਦਿਵਿਆ ਖੋਸਲਾ ਕੁਮਾਰ ਇਸ ਦੀ ਸ਼ੂਟਿੰਗ ਨੂੰ ਲੈ ਕੇ ਉਤਸ਼ਾਹਤ ਹਨ। ਪੇਸ਼ ਹਨ ਫਿਲਮ ਦੇ ਡਾਇਰੈਕਟਰ ਮਿਲਾਪ ਝਾਵੇਰੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* 'ਸਤਯਮੇਵ ਜਯਤੇ 2' ਦੀ ਫਿਲਹਾਲ ਕੀ ਸਥਿਤੀ ਹੈ? ਕੀ ਲਾਕਡਾਊਨ ਤੋਂ ਪ੍ਰਭਾਵਤ ਹੋਣ ਦੇ ਬਾਅਦ ਇਸ ਦਾ ਬਜਟ ਵਧ ਜਾਏਗਾ?

– ਅਸੀਂ ਇਸ ਦੀ ਸਕ੍ਰਿਪਟ ਲਾਕਡਾਊਨ ਤੋਂ ਪਹਿਲਾਂ ਬਣਾ ਲਈ ਸੀ। ਜਾਨ ਦੇ ਨਾਲ ਮੇਰੀ ਇਸ ਪੂਰੇ ਤਿੰਨ ਮਹੀਨੇ ਹਰ ਦੂਸਰੇ-ਤੀਸਰੇ ਦਿਨ ਗੱਲ ਹੁੰਦੀ ਰਹੀ। ਬਜਟ ਦੇ ਨਾਲ ਮੈਨੂੰ ਨਹੀਂ ਲੱਗਦਾ ਕਿ ਅਸੀਂ ਕੋਈ ਸਮਝੌਤਾ ਕਰਾਂਗੇ।

* ਤਾਂ ਕੀ ਸਾਰਿਆਂ ਦੀ ਡੇਟਸ ਫਾਈਨਲ ਕੀਤੀ ਜਾ ਰਹੀ ਹੈ?

– ਇਸ ਫਿਲਮ ਲਈ ਪੂਰੀ ਟੀਮ ਐਕਸਾਈਟਿਡ ਹੈ। ਲਾਕਡਾਊਨ ਪੀਰੀਅਡ ਵਿੱਚ ਪੂਰੀ ਟੀਮ ਨੇ ਵੀਡੀਓ ਕਾਨਫਰੰਸਿੰਗ 'ਤੇ ਕਾਫੀ ਡਿਸਕਸ਼ਨ ਕੀਤੇ। ਐਕਸ਼ਨ ਤੋਂ ਮਿਊਜ਼ਿਕ ਆਦਿ ਹਰ ਪਹਿਲੂ 'ਤੇ ਕਾਫੀ ਵਿਚਾਰ ਕੀਤਾ ਗਿਆ। ਅਸੀਂ ਜਲਦ ਤੋਂ ਜਲਦ ਸ਼ੂਟਿੰਗ ਸ਼ੁਰੂ ਕਰਨ ਦੀ ਤਿਆਰੀ ਵਿੱਚ ਹਾਂ। ਇਹ ਤੈਅ ਕੀਤਾ ਜਾ ਰਿਹਾ ਹੈ ਕਿ ਪਹਿਲਾਂ ਡਰਾਮਾਟਿਕ ਸੀਨ ਸ਼ੂਟ ਹੋਣਗੇ ਜਾਂ ਫਿਰ ਐਕਸ਼ਨ ਸੀਨ। ਅਸੀਂ ਸਿਲਸਿਲੇਵਾਰ ਤੌਰ 'ਤੇ ਸ਼ਡਿਊਲ ਤਿਆਰ ਕਰ ਰਹੇ ਹਾਂ। ਸਟਾਰਸ ਦੀ ਡੇਟਸ ਲੈ ਰਹੇ ਹਾਂ। ਜਾਨ ਅਤੇ ਦਿਵਿਆ ਦੋਵੇਂ ਹੀ ਇਸ ਦੇ ਲਈ ਬਹੁਤ ਉਤਸ਼ਾਹਤ ਹਨ।

* ਕਿਹਾ ਜਾ ਰਿਹਾ ਸੀ ਕਿ ਏ-ਲਿਸਟਰ ਐਕਟਰਜ਼ ਵੈਕਸੀਨ ਆਉਣ ਦੇ ਤੱਕ ਸ਼ੂਟ ਨਹੀਂ ਕਰਨਗੇ। ਜਾਨ ਦੀ ਇਸ ਬਾਰੇ ਵਿੱਚ ਕੀ ਰਾਏ ਹੈ?

–ਜਾਨ ਅਤੇ ਦਿਵਿਆ ਤਾਂ ਸ਼ੂਟਿੰਗ ਲਈ ਬਿਲਕੁਲ ਤਿਆਰ ਹਨ। ਉਨ੍ਹਾਂ ਦੇ ਇਲਾਵਾ ਅਕਸ਼ੈ ਕੁਮਾਰ ਹਮੇਸ਼ਾ ਸ਼ੂਟਿੰਗ ਕਰਨ ਦੇ ਲਈ ਤਿਆਰ ਰਹਿੰਦੇ ਹਨ। ਉਨ੍ਹਾਂ ਨੇ ਤਾਂ ਲਾਕਡਾਊਨ ਵਿੱਚ ਹੀ ਇੱਕ ਸ਼ਾਰਟ ਫਿਲਮ ਸ਼ੂਟ ਵੀ ਕਰ ਲਈ।

* ਕੀ ਜਾਨ ਨੇ ਲਾਕਡਾਊਨ ਦੇ ਦੌਰਾਨ ਵੀ ਇਸ ਫਿਲਮ ਦੇ ਲਈ ਤਿਆਰ ਜਾਰੀ ਰੱਖੀ?

– ਜਾਨ ਨੇ ਪੂਰੇ ਵਕਤ ਐਕਸਰਸਾਈਜ਼ ਕਰ ਕੇ ਕਾਫੀ ਵਧੀਆ ਬਾਡੀ ਐਕਵਾਇਰ ਕਰ ਲਈ ਹੈ। ਲਾਕਡਾਊਨ ਵਿੱਚ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਹੈ। ਮੈਂ ਇਸ ਤੋਂ ਪਹਿਲਾਂ ਵੀ ਕਿਹਾ ਹੈ ਕਿ 'ਸਤਯਮੇਵ ਜਯਤੇ 2' ਵਿੱਚ ਉਹ ਹਲਕ ਦੀ ਤਰ੍ਹਾਂ ਨਜ਼ਰ ਆਉਣਗੇ। ਉਹ ਇਸ ਵਿੱਚ ਉਸੇ ਕਿਸਮ ਦਾ ਐਕਸ਼ਨ ਕਰਨ ਵਾਲੇ ਹਨ।

* ਜੂਨੀਅਰ ਡਾਂਸਰਾਂ ਤੇ ਡੇਲੀ ਵੇਜਿਜ਼ ਵਾਲੇ ਟੈਕਨੀਸ਼ੀਅਨ ਤਾਂ ਸੈੱਟ 'ਤੇ ਅਲਾਊਡਨ ਨਹੀਂ ਹਨ ਤਾਂ ਮੇਜਰ ਐਕਸ਼ਨ ਅਤੇ ਡਾਂਸ ਸੀਕਵੈਂਸ ਕਿਵੇਂ ਸ਼ੂਟ ਕਰੋਗੇ?

– ਜੋ ਵੀ ਸ਼ੂਟ ਕਰਨਗੇ ਪੂਰੇ ਸੇਫਟੀ ਮੇਜਰਸ ਦੇ ਨਾਲ ਕਰਨਗੇ। ਘੱਟ ਲੋਕਾਂ ਦੇ ਨਾਲ ਕਿਵੇਂ ਸ਼ੂਟ ਹੋਵੇਗਾ, ਉਹ ਅਸੀਂ ਲੋਕ ਪਲਾਨ ਕਰ ਰਹੇ ਹਾਂ। ਅਸੀਂ ਲੋਕ ਵੀ ਐੱਫ ਐਕਸ ਦੀ ਮਦਦ ਨਾਲ ਕਰਾਊਡ ਮਲਟੀਪਲਾਈ ਕਰ ਲਵਾਂਗੇ। ਅਸੀਂ ਸੈੱਟ 'ਤੇ ਪੂਰੀ ਤਿਆਰੀ ਦੇ ਨਾਲ ਜਾਵਾਂਗੇ। ਪ੍ਰੋਡਿਊਸਰਜ਼ ਗਿਲਡ ਜਾਂ ਕਾਫੀ ਬਾਕੀ ਸੰਗਠਨਾਂ ਨੇ ਜੋ ਵੀ ਨਿਯਮ ਲਾਗੂ ਕੀਤੇ ਹਨ ਅਸੀਂ ਉਹ ਸਭ ਫਾਲੋ ਕਰਾਂਗੇ।

